7

# ਬਾਈਬਲ ਦੇ ਮੋਅਜਜ਼ੇ

ਬਾਈਬਲ ਦੇ ਖ਼ੁਦਾ ਵੱਲੋਂ ਹੋਣ ਤੋਂ ਇਨਕਾਰ ਕਰਨ ਲਈ ਆਮ ਬਹਾਨਾ ਹੁੰਦਾ ਹੈ ਕਿ ''ਇਹਦੇ ਵਿਚ ਮੋਅਜਜ਼ੇ ਬਹੁਤ ਹਨ।'' ਇਸ ਕਰਕੇ ਮੋਅਜਜ਼ਿਆਂ ਦਾ ਅਧਿਐਨ ਕੀਤੇ ਬਗ਼ੈਰ ਬਾਈਬਲ ਦੇ ਖ਼ੁਦਾ ਵੱਲੋਂ ਹੋਣ ਦੀ ਸਾਡੀ ਖੋਜ ਅਧੂਰੀ ਰਹੇਗੀ। ਪਵਿੱਤਰ ਆਤਮਾ ਵੱਲੋਂ ਮੋਅਜਜ਼ਿਆਂ ਦੀ ਵਿਆਖਿਆ ਕਰਨ ਲਈ ਵਰਤਿਆ ਜਾਣਾ ਵਾਲਾ ਆਮ ਸ਼ਬਦ ''ਅਚੰਭਾ'' ਹੈ। ਕੁਦਰਤ ਵੀ ਭਾਵੇਂ ਆਪਣੇ ਆਪ ਵਿਚ ਅਚੰਭਾ ਹੈ, ਪਰ ਬਾਈਬਲ 'ਚ ਬਹੁਤ ਸਾਰੇ ਮੋਅਜਜ਼ੇ ਖ਼ੁਦਾ ਵੱਲੋਂ ਦਿੱਤੇ ਗਏ ਹਨ ਜੋ ਕੁਦਰਤ ਦੇ ਨਿਯਮ ਦੇ ਗਿਣੇ ਚੁਣੇ ਅਪਵਾਦ ਹਨ। ਸਿਰਫ਼ ਇਹੀ ਅਪਵਾਦ ਮਸੀਹੀਅਤ ਦੀ ਗਵਾਹੀ ਹਨ। ਇਹ ਖ਼ੁਦਾ ਦੇ ਕੰਮ ਹਨ ਜੋ ਸਪੱਸ਼ਟ ਤੌਰ 'ਤੇ ਉਹਦੀ ਸਮਰੱਥਾ ਦੇ ਸਧਾਰਣ ਕੰਮ ਕਰਨ ਤੋਂ ਵੱਖ ਕਰਦੇ ਹਨ। ਉਨ੍ਹਾਂ ਨੂੰ ਉਦਾਹਰਣ ਦੇ ਕੇ ਸਪੱਸ਼ਟਤਾ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ: ਮੂਸਾ ਨੇ ਮਿਸਰ ਵਿਚ, ਲਾਲ ਸਮੁੰਦਰ ਵਿਚ ਅਤੇ ਜੰਗਲ ਵਿਚ ਕੀ ਕੀਤਾ: ਭਿਆਨਕ ਅੱਗ ਅਤੇ ਸ਼ੇਰਾਂ ਦੀਆਂ ਗੁਫ਼ਾਵਾਂ ਵਿਚ ਖ਼ੁਦਾ ਦੇ ਦਾਸਾਂ ਦੇ ਅਨੁਭਵ, ਯਿਸੂ ਦਾ ਪਾਣੀ ਨੂੰ ਦਾਖਰਸ ਬਣਾਉਣਾ: ਉਹਦਾ ਓਸੇ ਘੜੀ ਲੋਕਾਂ ਨੂੰ ਚੰਗਾ ਕਰਨਾ ਅਤੇ ਮੁਰਦਿਆਂ ਨੂੰ ਜ਼ਿੰਦਾ ਕਰਨਾ, ਰੋਟੀਆਂ ਅਤੇ ਮੱਛੀਆਂ ਵਿਚ ਵਾਧਾ ਕਰਨਾ; ਉਹਦੇ ਚੇਲਿਆ ਵੱਲੋਂ ਸੱਪਾਂ ਨੂੰ ਫੜ੍ਹ ਲੈਣਾ ਆਦਿ।

ਬਾਈਬਲ ਦੇ ਅਚੰਭਿਆਂ ਦੀ ਵਿਗਿਆਨਕ ਵਿਆਖਿਆ ਦੇਣ ਦੀ ਕੋਸ਼ਿਸ਼ ਜਾਂ ਬਾਈਬਲ ਦੇ ਮੋਅਜਜ਼ੇ ਕਰਨ ਵਾਲਿਆਂ ਨੂੰ ਮਨੋਵਿਗਿਆਨਕਾਂ ਦੇ ਤੌਰ 'ਤੇ ਵਿਖਾਉਣਾ, ਹਜ਼ਾਰਾਂ ਭੁੱਖੇ ਲੋਕਾਂ ਨੂੰ ਖੁਆਉਣ ਜਾਂ ਲਾਜ਼ਰ ਦੇ ਜੀ ਉੱਠਣ ਦੀ ਵਿਆਖਿਆ ਕਰਨ ਲਈ ਅਧੂਰਾ ਹੈ। ਇਹ ਕਹਿਣਾ ਪਵੇਗਾ ਕਿ ਬਾਈਬਲ ਦੇ ਮੋਅਜਜ਼ੇ ਜਾਂ ਤਾਂ ਇਤਿਹਾਸਕ ਤੱਥ ਹਨ ਜਾਂ ਕਲਪਿਤ ਕਥਾਵਾਂ। ਖ਼ੁਦਾਈ ਸੰਦੇਸ਼ ਦੇ ਰੂਪ 'ਚ ਸਾਬਤ ਕਰਨ ਲਈ ਵਿਹਾਰਕ ਪ੍ਰਭਾਵਾਂ ਦੇ ਇਲਾਵਾ ਬਾਈਬਲ ਦੇ ਮੋਅਜਜ਼ਿਆਂ ਦੀ ਰੂਪ ਰੇਖਾ ਤਿਆਰ ਕੀਤੀ ਗਈ, ਮੂਸਾ, ਮਸੀਹ ਅਤੇ ਚੇਲਿਆਂ ਵਾਸਤੇ ਉਹ ਖ਼ੁਦਾ ਦੀਆਂ ਸਿਫ਼ਾਰਸ਼ੀ ਚਿੱਠੀਆ ਸਨ।

## ਮੋਅਜਜ਼ਿਆਂ ਨੂੰ ਨਕਾਰਨ ਦਾ ਮਨੁੱਖੀ ਅਧਾਰ

ਮਨੋਵਿਗਿਆਨ ਵੱਲੋਂ ਮੋਅਜਜ਼ਿਆਂ ਦੀ ਵਿਆਖਿਆ ਲਈ ਜ਼ਬਰਦਸਤੀ ਅਤੇ ਅਧੂਰੀ ਕੋਸ਼ਿਸ਼ ਦਾ ਉੱਪਰ ਹਵਾਲਾ ਦਿੱਤਾ ਗਿਆ। ਅਜਿਹਾ ਸ਼ਬਦ ਬਾਈਬਲ ਦੇ ਮੋਅਜਜ਼ਿਆਂ ਅਤੇ ਕੁਦਰਤੀ ਨਿਯਮਾਂ ਦੀ ਦੂਰੀ ਮਿਟਾਉਣ ਲਈ ਹੈ। ਪਰ ਬਹੁਤ ਸਾਰੇ ਬੇਵਿਸ਼ਵਾਸੇ ਲੋਕ ਬਾਈਬਲ

ਦੀਆਂ ਗੱਲਾਂ ਨੂੰ ਝੂਠਾ ਹੀ ਮੰਨਦੇ ਹਨ। ਉਨ੍ਹਾਂ ਦਾ ਦਾਅਵਾ ਹੁੰਦਾ ਹੈ ਕਿ, ''ਜਦ ਮੋਅਜਜ਼ੇ ਸ਼ੁਰੂ ਹੁੰਦੇ ਹਨ, ਤਾਂ ਇਤਿਹਾਸ ਖਤਮ ਹੋ ਜਾਂਦਾ ਹੈ।'' ਉਹ ਅਚਰਜ ਕੰਮ ਖਤਮ ਹੋਣ ਦੀ ਅਸੰਭਾਵਨਾ ਦੀ ਕਲਪਨਾ ਕਰਦੇ ਹਨ। ਮੋਅਜਜ਼ਿਆਂ ਦੀ ਸੱਚਾਈ ਵਿਰੁੱਧ ਉਹ ਤਿੰਨ ਇਤਰਾਜ਼ ਉਠਾਉਂਦੇ ਹਨ: (1) ''ਗਵਾਹੀ ਨਾਲ ਮੋਅਜਜ਼ੇ ਸਾਬਤ ਨਹੀਂ ਕੀਤੀ ਜਾ ਸਕਦੇ,'' (2) ''ਕੁਦਰਤ ਵਿਚ ਏਕਤਾ ਦੇ ਵਿਗਿਆਨਕ ਨਿਯਮ ਦੇ ਕਾਰਣ ਮੋਅਜਜ਼ੇ ਨਾਮੁਮਕਿਨ ਹਨ।'' ਅਤੇ ਮੂਰਤੀਪੂਜਕਾਂ ਅਤੇ ਬਾਕੀ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਮੋਅਜਜ਼ਿਆਂ ਦੇ ਦਾਅਵੇ ਬਾਈਬਲ ਦੇ ਦਾਅਵਿਆਂ ਵਾਂਗੂ ਹੀ ਮੰਨਣਯੋਗ ਹਨ।

**''ਗਵਾਹੀ ਮੋਅਜਜ਼ਿਆਂ ਦਾ ਸਬੂਤ ਨਹੀਂ ਹੋ ਸਕਦੀ''**

ਸਕਾਟਲੈਂਡ ਦੇ ਨਾਸਤਿਕ ਡੇਵਿਡ ਹਯੂਮ (1711-1776) ਨੇ ਦਾਅਵਾ ਕੀਤਾ ਸੀ ਕਿ ਗਵਾਹੀ ਭਾਵੇਂ ਕਿੰਨੀ ਵੀ ਤਾਰੀਫ਼ਯੋਗ ਕਿਉਂ ਨਾ ਹੋਵੇ ਉਹ ਮੋਅਜਜ਼ੇ ਨੂੰ ਸਾਬਿਤ ਨਹੀਂ ਕਰ ਸਕਦੀ। ਮੋਅਜਜ਼ਿਆਂ ਨੂੰ ਉਹ ਤਰਕ ਨਾਲੋਂ ਵਧੇਰੇ ਹਾਸੇ ਦਾ ਵਿਸ਼ਾ ਮੰਨਦਾ ਸੀ।[1] ਹਯੂਮ ਦੇ ਅਜਿਹਾ ਫ਼ੈਸਲਾ ਲੈਣ ਦੀ ਗੱਲ ਭਰੋਸੇਯੋਗ ਗਵਾਹੀ ਦੇ ਮਹੱਤਵ ਤੇ ਦੁਨੀਆਂ ਦੇ ਵਿਚਾਰ ਵਿਚ ਕੀਤਾ ਜਾਂਦਾ ਹੈ। ਦੁਨੀਆਂ ਦੀ ਨਿਆਂ ਪ੍ਰਣਾਲੀ ਗਵਾਹੀ ਦੇ ਨਾਲ ਮਿਲੇ ਤੱਥਾਂ ਦੇ ਅਧਾਰ 'ਤੇ ਬਣਦੀ ਹੈ। ਇਹਦੇ ਇਲਾਵਾ, ਜਾਰਜ ਵਾਸ਼ਿੰਗਟਨ ਦੇ ਇਤਿਹਾਸਕ ਲੇਖਾਂ ਦੀ ਵਿਸ਼ਵਾਸਯੋਗਤਾ ਗਵਾਹੀ ਦੇ ਅਧਾਰ 'ਤੇ ਹੀ ਹੈ।

ਭਰੋਸੇਯੋਗ ਗਵਾਹੀ ਦੀ ਸੱਚਾਈ ਕੁਦਰਤ ਦੀ ਸਥਿਰਤਾ ਵਾਂਗੂੰ ਹੀ ਇਕ ਕੁਦਰਤੀ ਨਿਯਮ ਹੈ। ਮਨੁੱਖ ਦੇ ਤਜਰਬੇ ਤੋਂ ਤਸਦੀਕ ਪਾ ਕੇ ਕੁਦਰਤ ਸਥਿਰਤਾ ਨੂੰ ਇਕ ਕੁਦਰਤੀ ਤੌਰ 'ਤੇ ਕਬੂਲ ਕੀਤਾ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ, ਮਨੁੱਖੀ ਤਜਰਬੇ ਦੀ ਤਸਦੀਕ ਤੋਂ ਭਰੋਸੇਯੋਗ ਗਵਾਹੀ ਦੀ ਸੱਚਾਈ ਨੂੰ ਕੁਦਰਤੀ ਨਿਯਮ ਵਿਚ ਕਬੂਲ ਕੀਤਾ ਜਾ ਚੁੱਕਾ ਹੈ। ਮੋਅਜਜ਼ਿਆਂ ਨੂੰ ਨਕਾਰਨ ਲਈ ਤਰਕ ਦੇ ਤੌਰ 'ਤੇ ਕੁਦਰਤ ਦੀ ਸਥਿਰਤਾ ਦੇ ਨਿਯਮ ਦਾ ਸਹਾਰਾ ਲੈਣ ਵਾਲਾ ਮਨੁੱਖ ਦੀ ਗਵਾਹੀ ਦੀ ਭਰੋਸੇਯੋਗਤਾ ਦੇ ਨਿਯਮ ਨੂੰ ਠੁਕਰਾ ਰਿਹਾ ਹੈ। ਉਹ ਇਕ ਕੁਦਰਤੀ ਨਿਯਮ ਦੇ ਵਿਰੁਧ ਦੂਜਾ ਕੁਦਰਤੀ ਨਿਯਮ ਬਣਾ ਰਿਹਾ ਹੈ। ਉਹਨੂੰ ਦੂਜੇ ਮੋਅਜਜ਼ਿਆਂ ਤੋਂ ਬਚਣ ਲਈ ਇਕ (ਕੁਦਰਤੀ ਨਿਯਮ ਦਾ ਇਕ ਉਲੰਘਣ) ਨੂੰ ਮੰਨਣਾ ਪਵੇਗਾ।

ਇਹਦੇ ਇਲਾਵਾ, ਆਪਣੇ ਨਿੱਜੀ ਤਜਰਬੇ ਦੀ ਸੰਕੀਰਣਤਾ ਨੂੰ ਛੱਡ ਕੇ, ਕੁਦਰਤ ਦੀ ਸਥਿਰਤਾ ਵਿਚ ਹਯੂਮ ਦੇ ਵਿਸ਼ਵਾਸ ਨੂੰ ਗਵਾਹੀ ਦੀ ਹਮਾਇਤ ਸੀ। ''ਦੂਜੇ ਯੁਗਾਂ ਅਤੇ ਦੇਸ਼ਾਂ'' ਵਿਚ ਹੋਣ ਵਾਲੀਆਂ ਗੱਲਾਂ ਬਾਰੇ ਉਹਨੂੰ ਗਵਾਹੀ ਤੋਂ ਹੀ ਪਤਾ ਚਲਿਆ ਸੀ। ਇਸ ਤਰ੍ਹਾਂ ਉਹਨੇ ਗਵਾਹੀ ਨੂੰ ਖ਼ਤਮ ਕਰਨ ਲਈ ਗਵਾਹੀ ਨੂੰ ਕਬੂਲ ਕੀਤਾ। ਹਯੂਮ ਨੂੰ ਕਦੀ-ਕਦੀ ਸਬੂਤ ਖੜ੍ਹਾ ਕਰਨ ਲਈ ਮਨੁੱਖੀ ਗਵਾਹੀ ਦੀ ਥੁੜ 'ਤੇ ਆਪਣੇ ਭਰਮ ਦਾ ਅਹਿਸਾਸ ਹੁੰਦਾ ਸੀ। ਇਹਨੂੰ ਉਹਨੇ ਇਸ ਤਰ੍ਹਾਂ ਕਬੂਲ ਕੀਤਾ: ''ਮੈਂ ਕਹਿੰਦਾ ਹਾਂ, ਕਿ ... ਮੋਅਜਜ਼ੇ ਜਾਂ ਕੁਦਰਤ ਦੇ ਸਧਾਰਣ ਚਲਣ ਦਾ ਉਲੰਘਣ ਸੰਭਵ ਹੋ ਸਕਦਾ ਹੈ। ਅਜਿਹਾ ਉਲੰਘਣ ਜਿਸ ਦੇ ਸਬੂਤ ਨੂੰ ਮਨੁੱਖ ਨੂੰ ਮੰਨਣਾ ਹੀ ਪਵੇ।''[2] ਉਹਨੇ ਇਕ ਉਦਾਹਰਣ ਵੀ ਦਿੱਤੀ ਜਿਸ ਨੂੰ ਉਹ ਮੰਨਣ ਲਈ ਤਿਆਰ ਸੀ:

> ਇਸ ਲਈ ਮੰਨ ਲਓ, ਸਭ ਭਾਸ਼ਾਵਾਂ ਦੇ, ਸਭ ਲੇਖਕ ਸਹਿਮਤ ਹੋ ਜਾਣ, ਕਿ

> ਪਹਿਲੀ ਜਨਵਰੀ 1600 ਤੋਂ ਪੂਰੀ ਧਰਤੀ 'ਤੇ ਅੱਠ ਦਿਨ ਤਕ ਹਨ੍ਹੇਰਾ ਰਿਹਾ ਸੀ; ਮੰਨ ਲਓ ਕਿ ਇਸ ਅਨੋਖੀ ਘਟਨਾ ਦੀ ਰਵਾਇਤ ਅੱਜ ਵੀ ਐਨੀ ਮਜ਼ਬੂਤ ਅਤੇ ਲੋਕਾਂ ਵਿਚ ਪਾਈ ਜਾਂਦੀ ਹੈ; ਕਿ ਵਿਦੇਸ਼ਾਂ 'ਚੋਂ ਵਾਪਸ ਆਉਣ ਵਾਲੇ ਸਭ ਮੁਸਾਫ਼ਰ, ਬਗ਼ੈਰ ਕਿਸੇ ਬਦਲਾਅ ਜਾਂ ਵਿਰੋਧ ਦੇ ਉਸ ਰਵਾਇਤ ਨੂੰ ਲੈ ਆਉਣ, ਤਾਂ *ਸਾਫ਼ ਹੈ ਕਿ ਸਾਡੇ ਅੱਜ ਦੇ ਇਹ ਫ਼ਿਲਾਸਫ਼ਰ ਬਿਨਾ ਕੋਈ ਸ਼ੱਕ ਕੀਤੇ ਉਹਨੂੰ ਉਵੇਂ ਹੀ ਮੰਨ ਲੈਣ,* ...[3]

ਬਾਅਦ ਵਿਚ ਮੋਅਜਜ਼ਿਆਂ ਨੂੰ ਸਹੀ ਠਹਿਰਾਉਣ ਦੀ ਮਨੁੱਖੀ ਗਵਾਹੀ ਦਾ ਉਹਨੂੰ ਅਹਿਸਾਸ ਸੀ, ਉਹਨੇ ਇਸ ਅਪਵਾਦ ਨਾਲ ਧਰਮ ਦੇ ਖ਼ਿਲਾਫ਼ ਮੁਤਅੱਸਬ ਵਿਖਾਇਆ:

> ਪਰ ਇਸ ਚਮਤਕਾਰ ਨੂੰ ਜੇਕਰ ਧਰਮ ਦੇ ਕਿਸੇ ਨਵੇਂ ਢੰਗ ਦਾ ਨਾਮ ਦਿੱਤਾ ਜਾਵੇ ... ਤਾਂ ਇਹ ਹਾਲਤ ਹੀ ਸਾਰੇ ਸਮਝਦਾਰ ਲੋਕਾਂ ਲਈ ਨਾ ਸਿਰਫ਼ ਇਸ ਤੱਥ ਨੂੰ ਨਕਾਰਨ ਸਗੋਂ ਇਹਨੂੰ ਬਿਨਾਂ ਹੋਰ ਜਾਂਚ ਪੜਤਾਲ ਦੇ ਨਕਾਰਨ ਲਈ ਅਤੇ ਧੋਖੀ ਦਾ ਪੂਰਾ ਸਬੂਤ ਹੋਵੇਗੀ।[4]

ਗਵਾਹੀ ਨਾਲ ਕਿਸੇ ਗ਼ੈਰ ਧਾਰਮਿਕ ਚਮਤਕਾਰ ਨੂੰ ਸਾਬਿਤ ਕਰਨ ਦੇ ਹੂਮ ਦੇ ਉਦਾਹਰਣ ਦੇ ਇਲਾਵਾ, ਉਹਨੇ ਇਹ ਵੀ ਮੰਨਿਆ ਕਿ ਜੇਕਰ ਕਿਸੇ ਮੋਅਜਜ਼ੇ ਬਾਰੇ ਦੱਸਿਆ ਜਾਂਦਾ ਹੈ ਤਾਂ ਉਹਦੇ ਝੂਠ ਦੇ ਜ਼ਿਆਦਾ ਚਮਤਕਾਰੀ ਹੋਣ ਤੇ ਉਹਨੂੰ ਮੰਨ ਲੈਣਾ ਚਾਹੀਦਾ ਹੈ। ਉਹਨੇ ਕਿਹਾ ਸੀ ''ਜਦ ਤਕ ਕੋਈ ਗਵਾਹੀ ਅਜਿਹੀ ਨਾ ਹੋਵੇ ਕਿ ਇਹਦਾ ਕੋਈ ਝੂਠ ਅਸਲੀਅਤ ਤੋਂ ਵੱਧ ਚਮਤਕਾਰੀ ਨਾ ਹੋਵੇ, ਜਿਸ ਤੋਂ ਉਹ ਸਥਾਪਿਤ ਹੁੰਦਾ ਹੈ, ਤਦ ਤਕ ਚਮਤਕਾਰ ਹੋਣ ਨੂੰ ਮਨਵਾਉਣ ਲਈ ਕੋਈ ਗਵਾਹੀ ਕਾਫ਼ੀ ਨਹੀਂ ਹੈ...।[5] ਹਯੂਮ ਇਹ ਵਿਚਾਰ ਕਰਨ ਵਿਚ ਨ੍ਹਾਕਾਮ ਰਿਹਾ ਸੀ ਕਿ ਜੇ ਬਾਈਬਲ ਦੇ ਮੋਅਜਜ਼ੇ ਝੂਠੇ ਹਨ ਤਾਂ ਬਾਈਬਲ, ਇਹਦੇ ਲੇਖਕ ਅਤੇ ਸੱਚਾਈ ਲਈ ਇਹਦਾ ਪ੍ਰਭਾਵ ਮਨੁੱਖਾਂ ਦੇ ਸਵਾਲਾਂ ਨੂੰ ਜਾਂ ਜਵਾਬ ਅਤੇ ਉੱਤਰ ਨਾ ਦੇਣ ਯੋਗ ਛੱਡ ਦਿੰਦੇ ਹਨ। ਹਰ ਗੱਲ ਦੀ ਸੱਚਾਈ ਲਈ ਬਾਈਬਲ ਦੇ ਐਨੇ ਪ੍ਰਭਾਵ ਤੋਂ ਪਤਾ ਲਗਦਾ ਹੈ ਕਿ ਇਹਦੇ ਮੋਅਜਜ਼ੇ ਸੱਚ ਹਨ, ਪਰ ਜੇ ਮੋਅਜਜ਼ੇ ਕਾਲਪਨਿਕ ਹਨ ਤਾਂ ਇਨ੍ਹਾਂ ਦਾ ਕੋਈ ਪ੍ਰਭਾਵ ਨਹੀਂ ਹੋ ਸਕਦਾ ਹੈ।

ਮਸੀਹੀਅਤ ਦੇ ਚਰਚਿਤ ਮੋਅਜਜ਼ੇ ਕਿਸੇ ਬੰਦ ਕਮਰੇ ਦੇ ਕੋਨੇ ਵਿਚ ਨਹੀਂ ਸਗੋਂ ਲੋਕਾਂ ਵਿਚ ਹੋਏ ਸਨ। ਇਹਦੇ ਇਲਾਵਾ, ਉਨ੍ਹਾਂ ਵਿਚ ਬਹੁਤ ਭਿੰਨਤਾ ਸੀ ਅਤੇ ਇਹ ਸੱਤਰ ਸਾਲਾਂ ਤਕ ਹੁੰਦੇ ਰਹੇ ਸਨ। ਇਹ ਮੰਨਣਾ ਕਿ ਉਹ ਝੂਠੇ ਸਨ ਅਤੇ ਹਜ਼ਾਰਾਂ ਲੋਕਾਂ ਨੂੰ ਧੋਖੇ ਵਿਚ ਰੱਖਿਆ ਗਿਆ ਸੀ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਆਪਣੇ ਵਿਸ਼ਵਾਸ ਖ਼ਾਤਰ ਪ੍ਰਾਣ ਦੇ ਦਿੱਤੇ ਸਨ। ਮੋਅਜਜ਼ਿਆਂ ਦੀ ਅਸਲੀਅਤ ਤੋਂ ਵੱਧ ਔਖਿਆਈ ਨਾਲ ਮੰਨਣਯੋਗ ਹਨ। ਉਦਾਹਰਣ ਲਈ ਮੱਛੀਆਂ ਅਤੇ ਰੋਟੀਆਂ ਵਧਾਉਣ ਦਾ ਮੋਅਜਜ਼ਾ ਹਜ਼ਾਰਾਂ ਲੋਕਾਂ ਨੇ ਵੇਖਿਆ ਸੀ ਜਾਂ ਤਾਂ ਚੇਲਿਆਂ ਨੇ ਭੋਜਨ ਘੱਟ ਵੇਖਿਆ, ਇਹਦੇ ਵਧਣ ਨੂੰ ਵੇਖਿਆ, ਇਹਨੂੰ ਵੰਡਿਆ ਅਤੇ ਉਸ ਤੋਂ ਵੱਧ ਉਠਾਇਆ ਜਿਨ੍ਹਾਂ ਪਹਿਲਾਂ ਉਨ੍ਹਾਂ ਕੋਲ ਸੀ, ਜਾਂ ਉਨ੍ਹਾਂ ਕੁਝ ਗੋਲਮਾਲ ਕੀਤਾ ਸੀ। ਉੱਥੇ ਕਿਸੇ ਨੂੰ ਧੋਖਾ ਦੇਣਾ ਸੰਭਵ ਨਹੀਂ ਸੀ। ਪੱਕੇ ਤੌਰ 'ਤੇ, ਸਮੁੰਦਰ ਦੇ ਕਿਨਾਰੇ ਰੋਟੀਆਂ ਅਤੇ ਮੱਛੀਆਂ ਲੈਣ ਆਏ ਇਨ੍ਹਾਂ ਲੋਕਾਂ ਨੇ ਇਹ ਕਦੀ ਸੋਚਿਆ ਸੀ ਕਿ ਭੋਜਨ ਦਾ ਵਧਣਾ ਧੋਖਾ ਹੈ।

ਮੋਅਜਜ਼ਿਆਂ ਦੀ ਅਸਲੀਅਤ ਨੂੰ ਕਬੂਲਣ ਤੋਂ ਔਖਾ ਇਹ ਕਲਪਨਾ ਕਰਨਾ ਹੈ ਕਿ ਯਿਸੂ

ਦੁਨੀਆਂ ਦਾ ਸਭ ਤੋਂ ਵੱਡਾ ਧੋਖੇਬਾਜ਼ ਅਤੇ ਜ਼ਾਲਮ ਆਦਮੀ (ਝੂਠ-ਮੂਠ ਅਰਾਮ ਅਤੇ ਨਜਾਤ ਦੇਣ ਦੀ ਪੇਸ਼ਕਸ਼ ਕਰਨ ਵਾਲਾ) ਸੀ। ਇਹ ਕਲਪਨਾ ਕਰਨਾ ਕਿ ਉਹ ਆਦਮੀ ਇਲਾਹੀ ਆਦਮੀ ਅਤੇ ਪਰਪੀੜਕ (ਲੋਕਾਂ ਦੀਆਂ ਆਸਾਂ 'ਤੇ ਵਿਅੰਗ ਕਰਨ ਵਾਲਾ) ਸੀ ਜਾਂ ਇਹ ਦੁਨੀਆਂ ਦਾ ਸਭ ਤੋਂ ਵੱਡਾ ਧੋਖਾ ਖਾਧਾ ਆਦਮੀ ਸੀ, ਕਿਸੇ ਵੀ ਮੋਅਜਜ਼ੇ ਤੋਂ ਜ਼ਿਆਦਾ ਨਾ ਮੰਨਣਯੋਗ ਹੈ।

ਹਯੂਮ ਦੇ ਤਰਕ ਵਿਚ ਇਹ ਗੱਲ ਕੀਤੀ ਜਾਂਦੀ ਸੀ ਕਿ ਮੋਅਜਜ਼ਾ ਨਾਮੁਮਕਿਨ ਹੈ ਅਤੇ ਇਸ ਲਈ ਕੋਈ ਵੀ ਗਵਾਹੀ ਕਿਸੇ ਅਜਿਹੀ ਗੱਲ ਨੂੰ ਜੋ ਹੋ ਹੀ ਨਹੀਂ ਸਕਦੀ, ਸਿੱਧ ਨਹੀਂ ਬਣਾਉਂਦੀ। ਪਰ ਅਜਿਹੀ ਮਾਨਤਾ ਸਿਰਫ਼ ਨਾਸਤਕ ਜਾਂ ਸਹਿਜ ਧਰਮੀ ਹੀ ਕਰ ਸਕਦਾ ਹੈ, ਇਸ ਲਈ ਹਯੂਮ ਦਾ ਤਰਕ ਸਿਰਫ਼ ਨਾਸਤਕ ਜਾਂ ਕਿਸੇ ਸਹਿਜ ਧਰਮੀ ਨੂੰ ਹੀ ਕਾਇਲ ਕਰ ਸਕਦਾ ਹੈ।

ਲਗਦਾ ਹੈ ਕਿ ਹਯੂਮ ਦੀ ਸੋਚ ਨੂੰ ਨਕਾਰਾਤਮਕ, ਨਿਰਾਸ਼ਾਵਾਦੀ ਵਿਹਾਰ ਨੇ ਪ੍ਰਭਾਵਤ ਕਰਕੇ ਉਹਨੂੰ ਪੱਕਾ ਸ਼ੱਕੀ ਬਣਾ ਦਿੱਤਾ ਸੀ। ਇਕ ਕਿਸਮ ਦੀ ਸੋਚ ਜਾਂ ਅਸਪੱਸ਼ਟ ਸਬੂਤ ਉਹਦੀ ਨਿਰਾਸ਼ਾ, ਉਲਝਣ ਅਤੇ ਆਸਰਹਿਤ ਹੋਣ ਵਿਚ ਨਜ਼ਰ ਆਉਂਦਾ ਹੈ। ''ਫ਼ਲਸਫ਼ੇ ਅਤੇ ਲਾਗ ਲਪੇਟ'' (ਕੁਲੁੱਸੀਆਂ 2:8) ਨੇ ਉਹਦਾ ਨਾਸ ਕੀਤਾ। ਹਯੂਮ ਉਨ੍ਹਾਂ ਲੋਕਾਂ ਵਿੱਚੋਂ ਸੀ ਜਿਨ੍ਹਾਂ ਆਪਣੀਆਂ ਬਰਕਤਾਂ ਲਈ ਕੋਈ ਧੰਨਵਾਦ ਨਾ ਕੀਤਾ, ''ਸਗੋਂ ਆਪਣੀਆਂ ਸੋਚਾਂ ਵਿਚ ਨਿਕੰਮੇ ਬਣ ਗਏ ਅਤੇ ਉਨ੍ਹਾਂ ਦੇ ਬੁੱਧਹੀਣ ਮਨ ਅਨ੍ਹੇਰੇ ਹੋ ਗਏ'' (ਰੋਮੀਆਂ 1:21)। ਉਹ ਆਪਣੇ ਆਪ ਤੋਂ ਹੀ ਧੋਖਾ ਖਾਧਾ ਹੋਇਆ, ਆਪਣੀ ਹੀ ਹੁਸ਼ਿਆਰੀ ਦਾ ਸ਼ਿਕਾਰ ਸੀ। ਜਿਸ ਨੇ ਨਿਰਾਸ਼ਾ ਬੀਜ ਕੇ ਇਹਦਾ ਫ਼ਲ ਕੱਟਿਆ ਸੀ।

ਮੋਅਜਜ਼ਿਆਂ ਦੇ ਸਬੂਤ ਦੇ ਤੌਰ 'ਤੇ ਮਨੁੱਖਾਂ ਦੀ ਗਵਾਹੀ ਨੂੰ ਠੁਕਰਾਉਣਾ, ਤਰਕਹੀਣ ਅਤੇ ਧੱਕੇਸ਼ਾਹੀ ਹੈ।

### ''ਕੁਦਰਤ ਵਿਚ ਏਕਤਾ ਜਾਂ ਵਿਗਿਆਨਕ ਨਿਯਮ ਮੋਅਜਜ਼ਿਆਂ ਨੂੰ ਨਾਮੁਮਕਿਨ ਬਣਾ ਦਿੰਦਾ ਹੈ''

ਮੋਅਜਜ਼ਿਆਂ ਦਾ ਵਿਰੋਧ ਕਰਨ ਲਈ ਦੂਜਾ ਤਰਕ ਵਰਤਿਆ ਜਾਂਦਾ ਹੈ ਕਿ ਕੁਦਰਤ ਵਿਚ ਏਕਤਾ ਦਾ ਵਿਗਿਆਨਕ ਨਿਯਮ ਭਾਵ ਇਹ ਕਿ ਕੁਦਰਤ ਹਮੇਸ਼ਾ ਇੱਕੋ ਜਿਹਾ ਵਿਹਾਰ ਕਰਦੀ ਹੈ ਮੋਅਜਜ਼ਿਆਂ ਲਈ ਕੋਈ ਥਾਂ ਨਹੀਂ ਰਹਿਣ ਦਿੰਦਾ। ਇਹ ਤਰਕ ਦਿੱਤਾ ਜਾਂਦਾ ਹੈ ਕਿ ਬਹੁਤੇ ਲੋਕਾਂ ਵੱਲੋਂ ਤਜਰਬੇ ਦੀ ਹਰ ਇਕ ਗੱਲ ਦਾ ਕੁਦਰਤੀ, ਤਰਕ ਭਰਿਆ ਹੋਣ ਕਰਕੇ ਹੁੰਦਾ ਹੈ ਇਸ ਲਈ ਬਿਨਾ ਕਿਸੇ ਸਧਾਰਣ ਕੁਦਰਤੀ ਕਾਰਣ ਦੇ ਕਿਸੇ ਅਨੁਮਾਨਿਤ ਅਨੁਭਵ ਦੀ ਗੱਲ ਸੰਭਵ ਨਹੀਂ ਹੈ।

ਪਰ ਇਹ ਤੱਥ ਕਿ ਕਿਸੇ ਵਿਅਕਤੀ ਦਾ ਪੂਰਾ ਅਨੁਭਵ ਕੁਦਰਤੀ ਹੈ ਅਤੇ ਉਹਦੇ ਬਾਰੇ ਦੱਸਿਆ ਜਾ ਸਕਦਾ ਹੈ, ਦਾ ਮਤਲਬ ਇਹ ਨਹੀਂ ਕਿ ਹਰ ਕਿਸੇ ਦਾ ਅਨੁਭਵ ਅਜਿਹਾ ਹੀ ਹੋਵੇਗਾ। ਕੋਈ ਵਿਗਿਆਨਕ ਅੱਜ ਦੀਆਂ ਘਟਨਾਵਾਂ ਦਾ ਵਰਨਣਾਤਮਕ ਕਾਰਜਾਂ ਦੇ ਤੌਰ 'ਤੇ ਸਹੀ-ਸਹੀ ਮੁਲਾਂਕਣ ਕਰ ਸਕਦਾ ਹੈ। ਇਸ ਮੁਲਾਂਕਣ ਦੇ ਅਧਾਰ 'ਤੇ ਇਹ ਨਤੀਜਾ ਕੱਢ ਸਕਦਾ ਹੈ (ਭਾਵੇਂ ਗ਼ਲਤ ਹੀ ਹੋਵੇ) ਕਿ ਸੰਸਾਰ ਵਿਚ ਕਦੇ ਕੋਈ ਅਲੌਕਿਕ ਘਟਨਾ ਨਹੀਂ ਵਾਪਰੀ ਸੀ। ਇਸ ਤਰ੍ਹਾਂ ਦੀ ਧਾਰਨਾ ਬਣਾ ਕੇ, ਉਹ ਆਪਣੇ ਦਾਇਰੇ ਚੋਂ ਬਾਹਰ ਨਿੱਕਲ ਗਿਆ ਹੈ। ਉਹ ਇਹ ਤਾਂ ਸਹੀ-ਸਹੀ ਸਾਬਿਤ ਕਰ ਸਕਦਾ ਹੈ ਕਿ ਹੁਣ ਕੀ ਹੋ ਰਿਹਾ ਹੈ; ਪਰ ਬੀਤੇ ਸਮੇਂ ਵਿਚ ਕੀ ਹੋਇਆ, ਉਸ ਬਾਰੇ ਜਾਣਨ ਲਈ ਉਹਦੇ ਕੋਲ ਕੋਈ ਜ਼ਰੀਆ ਨਹੀਂ ਹੈ। ਉਹਦਾ

ਨਿਚੋੜ ਗੈਰ ਵਿਗਿਆਨਕ ਹੈ। ਉਹਨੇ ਉਨ੍ਹਾਂ ਖੇਤਰਾਂ ਵਿਚ ਜਾਣ ਦਾ ਉਲੰਘਣ ਕੀਤਾ ਹੈ ਜਿਹੜੇ ਵਿਗਿਆਨਕ ਖੇਤਰ ਅਤੇ ਸਮਾਜ ਲਈ ਬਾਹਰੀ ਹਨ। ਉਹ ਭੌਤਿਕ ਨੂੰ ਛੱਡ ਕੇ ਆਪਣੇ ਆਪ ਨੂੰ ਅਭੌਤਿਕ ਅਰਥਾਤ ਅਜਿਹੇ ਖ਼ੇਤਰ ਵਿਚ ਲੈ ਗਿਆ ਹੈ, ਜੋ ਕਿ ਸਾਬਿਤ ਨਾ ਕੀਤੇ ਜਾਣ ਵਾਲੇ ਅਨੁਮਾਨ ਦੇ ਦਾਇਰੇ 'ਚ ਹੈ। ਕੁਦਰਤ ਵਿਚ ਹੁਣ ਮੋਅਜਜ਼ੇ ਘੱਟ ਹੋਣ ਨਾਲ ਇਤਿਹਾਸ ਵਿਚ ਉਨ੍ਹਾਂ ਦੀ ਹਕੀਕਤ ਨੂੰ ਨਕਾਰਿਆ ਨਹੀਂ ਜਾ ਸਕਦਾ। ਉਸ ਵਿਸ਼ੇ 'ਤੇ ਕੁਦਰਤੀ ਵਿਗਿਆਨ ਨਹੀਂ ਸਿਰਫ਼ ਇਤਿਹਾਸਕ ਵਿਗਿਆਨਕ ਹੀ ਕੁਝ ਦੱਸ ਸਕਦਾ ਹੈ। ਵਿਗਿਆਨ ਦਾ ਅਕਾਸ਼ ਅਤੇ ਸਮੇਂ ਦੋਹਾਂ ਵਿਚ ਹੀ ਬਹੁਤ ਸੀਮਤ ਅਨੁਭਵ ਹੈ, ਇਸ ਲਈ ਵਿਗਿਆਨ ਲਈ ਉਸ ਸਥਾਨ ਅਤੇ ਸਮੇਂ ਦੀ ਗੱਲ ਕਰਨਾ ਜਿੱਥੇ ਉਹ ਆਪ ਪਹੁੰਚਿਆ ਨਾ ਹੋਵੇ, ਸ਼ੋਭਾ ਨਹੀਂ ਦਿੰਦਾ ਹੈ।

ਜੇ ਵਿਗਿਆਨਕ ਇਹ ਫ਼ਰਮਾਨ ਜਾਰੀ ਕਰਕੇ ਕਿ ਕਦੇ ਕੋਈ ਮੋਅਜਜ਼ਾ ਹੋਇਆ ਹੀ ਨਹੀਂ ਤਾਂ ਆਪਣੀਆਂ ਹੱਦਾਂ ਨੂੰ ਲੰਘ ਨਹੀਂ ਰਹੇ ਸਨ, ਤਾਂ ਵੀ ਏਕਤਾ ਦੀ ਉਨ੍ਹਾਂ ਦੀ ਸਿੱਖਿਆ ਉਨ੍ਹਾਂ ਨੂੰ ਜੀਵਨ ਦੇ ਸ਼ੁਰੂ ਲਈ ਅਤੇ ਜੀਵਨ ਦੇ ਅਖੌਤੀ ਵਿਕਾਸ ਨੂੰ ਵਿਆਖਿਆ ਬਿਨਾ ਹੀ ਛੱਡ ਦਿੰਦੀ ਹੈ। ਜੇ ਕੁਦਰਤ ਦਾ ਇਕਰੂਪਤਾ ਦਾ ਸਿਧਾਂਤ ਅਚਰਜ ਕੰਮਾਂ ਦੀ ਮਨਾਹੀ ਕਰਦਾ ਹੈ ਤਾਂ ਇਹ ਤੱਤ ਦੇ ਸ਼ੁਰੂ, ਜੀਵਨ ਦੇ ਸ਼ੁਰੂ ਅਤੇ ਜੀਵਨ ਦੇ ਵਿਕਾਸ ਦੀ ਵੀ ਮਨਾਹੀ ਕਰਦਾ ਹੈ। ਮਨੁੱਖੀ ਅਕਾਰ ਬਾਂਦਰ ਦੇ ਦਿਮਾਗ਼ ਦਾ ਮਨੁੱਖ ਦੇ ਦਿਮਾਗ਼ ਵਿਚ ਤਬਦੀਲ ਹੋਣਾ ਯਕੀਨਨ ਹੀ ਬਾਈਬਲ ਦੇ ਕਿਸੇ ਮੋਅਜਜ਼ੇ ਵਾਂਗੂੰ ਹੈ।

ਜਿਵੇਂ ਗਵਾਹੀ ਦੇ ਬਗ਼ੈਰ ਤਰਕ ਕਾਇਲ ਨਹੀਂ ਕਰ ਸਕਦਾ, ਉਵੇਂ ਹੀ ਕੁਦਰਤ ਦੀ ਮੌਜੂਦਾ ਇਕਰੂਪਤਾ ਦੇ ਕਿਸੇ ਬੀਤੇ ਸਮੇਂ ਵਿਚ ਹੋਏ ਮੋਅਜਜ਼ੇ ਨੂੰ ਕੱਢਣ ਦੀ ਗੱਲ ਦਾ ਤਰਕ ਅਧੂਰਾ ਹੈ।

**''ਮੂਰਤੀਪੂਜਾ ਅਤੇ ਹੋਰ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਮੋਅਜਜ਼ਿਆਂ ਦੇ ਦਾਅਵੇ ਬਾਈਬਲ ਦੇ ਦਾਅਵਿਆਂ ਵਾਂਗੂੰ ਵਾਜ਼ਿਬ ਹਨ''**

ਬਾਈਬਲ ਦੇ ਮੋਅਜਜ਼ਿਆਂ ਦੀ ਸੱਚਾਈ ਨੂੰ ਖ਼ਤਮ ਕਰਨ ਲਈ ਤੀਜਾ ਪ੍ਰਮੁੱਖ ਤਰਕ ਉਨ੍ਹਾਂ ਨੂੰ ਮੂਰਤੀਪੂਜਕਾਂ ਅਤੇ ਧਰਮ ਨੂੰ ਮੰਨਣ ਵਾਲੇ ਹੋਰ ਅਖੌਤੀ ਚਮਤਕਾਰਾਂ ਨਾਲ ਮਿਲਾਉਣਾ ਹੈ। ਪਰ ਜਿਵੇਂ ਜਾਅਲੀ ਨੋਟਾਂ ਦੀਆਂ ਖ਼ਾਮੀਆਂ ਅਤੇ ਅਸਲੀ ਨੋਟਾਂ ਦਾ ਪਤਾ ਲਗ ਜਾਂਦਾ ਹੈ ਉਵੇਂ ਹੀ ਨਕਲੀ ਅਤੇ ਅਸਲੀ ਮੋਅਜਜ਼ਿਆਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਇਨ੍ਹਾਂ ਦੇ ਫ਼ਰਕਾਂ ਨੂੰ ਵੇਖ ਕੇ ਅਸਲੀ ਮੋਅਜਜ਼ਿਆਂ ਅਤੇ ਨਕਲੀ ਮੋਅਜਜ਼ਿਆਂ ਦਾ ਪਤਾ ਲਗ ਜਾਂਦਾ ਹੈ।

ਮੋਅਜਜ਼ਿਆਂ ਦਾ ਸਬੰਧ ਪਹਿਲੀ ਸਦੀ ਦੇ ਇਕ ਜਾਦੂਗਰ ਅਪੋਲੋਨਿਉਸ ਨਾਲ ਜੋੜਿਆ ਜਾਂਦਾ ਹੈ, ਪਰ ਪ੍ਰਮਾਣਿਕਤਾ ਦੀ ਪਰਖ ਕਰਨ 'ਤੇ ਪਤਾ ਲਗਦਾ ਹੈ ਕਿ ਇਸ ਵਿਚ ਖ਼ਾਮੀਆਂ ਹਨ। ਇੱਕੋ ਸਬੂਤ ਜੋ ਇਸ ਸਮੇਂ ਮਿਲਦਾ ਹੈ ਉਹ ਪਹਿਲੀ ਸਦੀ ਦੀ ਬਜਾਏ ਤੀਜੀ ਸਦੀ ਦਾ ਹੈ ਅਤੇ ਉਹ ਵੀ ਚਸ਼ਮਦੀਦ ਗਵਾਹਾਂ ਦੀ ਬਜਾਏ ਦੂਜੇ ਲੋਕਾਂ ਤੋਂ ਮਿਲਦਾ ਹੈ।

ਜੇ ਯਿਸੂ ਨੂੰ ਨੀਵਾਂ ਵਿਖਾਉਣ ਲਈ ਅਪੋਲੋਨਿਉਸ ਦੀਆ ਦੰਦਕਥਾਵਾਂ ਦੀ ਵਰਤੋਂ ਦੀ ਕੋਈ ਵੀ ਵਜ੍ਹਾ ਹੁੰਦੀ ਤਾਂ ਅਲੋਚਕ ਉਹਦੀ ਵਰਤੋਂ ਜ਼ਰੂਰ ਕਰਦੇ। ਡੇਵਿਡ ਹਯੂਮ ਨੇ ਬਿਨਾਂ ਹਮਾਇਤ ਮੋਅਜਜ਼ਿਆਂ ਦੀਆਂ ਤਿੰਨ ਗੱਲਾਂ ਦੀ ਵਰਤੋਂ ਜ਼ਰੂਰ ਕੀਤੀ ਪਰ ਇਨ੍ਹਾਂ ਰਿਪੋਰਟਾਂ ਨੂੰ ਕਿਸੇ ਨੇ ਉਹਦੇ ਜੀਵਨ 'ਚੋਂ ਸਾਬਤ ਨਹੀਂ ਕੀਤਾ ਸੀ। ਯਿਸੂ ਦੇ ਕੰਮਾਂ ਅਤੇ ਸਿੱਖਿਆਵਾਂ ਦੀ ਸੱਚਾਈ ਦੇ ਪੱਖ ਵਿਚ, ਚਸ਼ਮਦੀਦ ਗਵਾਹਾਂ ਨੇ ਆਪਣੀ ਜਾਨ ਦੇ ਕੇ ਗਵਾਹੀ ਦਿੱਤੀ।

ਹੋਰ ਅਖੌਤੀ ਮੋਅਜਜ਼ਿਆਂ ਦਾ ਸਬੰਧ ਇਗਨੇਸ਼ਿਅਸ ਲੋਓਲਾ ਅਤੇ ਫ਼੍ਰਾਂਸਿਸ ਜ਼ੇਵੀਅਰ

ਨਾਲ ਜੋੜਿਆ ਜਾਂਦਾ ਹੈ। ਪਰ ਉਨ੍ਹਾਂ ਦਾ ਸਬੰਧ ਉਨ੍ਹਾਂ ਲੋਕਾਂ ਦੇ ਕਈ ਸਾਲ ਬਾਅਦ ਮੀਲਾਂ ਦੂਰ ਹੋਈਆਂ ਗੱਲਾਂ ਨਾਲ ਜੋੜਿਆ ਜਾਂਦਾ ਹੈ। ਯਿਸੂ ਨਾਲ ਜੁੜੇ ਮੋਅਜਜ਼ਿਆਂ ਦਾ ਸਬੰਧ ਓਸੇ ਪੀੜ੍ਹੀ ਵਿਚ ਜਿਸ ਵਿਚ ਯਿਸੂ ਰਿਹਾ, ਉਨ੍ਹਾਂ ਲੋਕਾਂ ਵੱਲੋਂ ਜੋੜਿਆ ਜਾਂਦਾ ਹੈ ਜਿਨ੍ਹਾਂ ਆਪਣੀਆਂ ਅੱਖਾਂ ਨਾਲ ਉਸ ਵੱਲੋਂ ਕੀਤੇ ਗਏ ਅਚੰਭੇ ਕੰਮ ਵੇਖੇ ਸਨ।

ਬਾਈਬਲ ਦੇ ਬਾਹਰ ਦੇ ਮੋਅਜਜ਼ਿਆਂ ਦੇ ਸਬੂਤ ਵਿਚ ਕਮੀ ਹੀ ਨਹੀਂ, ਸਗੋਂ ਉਸ ਅਖੌਤੀ ਆਤਮਾ ਤੋਂ ਫ਼ਰਕ ਵੀ ਹਨ ਜਿਹਦਾ ਸਬੰਧ ਬਾਈਬਲ ਨਾਲ ਹੈ। ਯਿਸੂ ਦੇ ਮੋਅਜਜ਼ੇ ਖ਼ਾਸ ਕਰਕੇ ਉਹਦੇ ਖ਼ੁਦਾ ਦਾ ਪੁੱਤਰ ਹੋਣ ਨੂੰ ਸਾਬਤ ਕਰਨ ਲਈ ਸਨ, ਪਰ ਉਹ ਲਾਭਦਾਇਕ ਅਤੇ ਲੋਕਾਂ ਦੀ ਭਲਾਈ ਲਈ ਵੀ ਸਨ। ਯਿਸੂ ਨੇ ਭੁੱਖਿਆਂ ਨੂੰ ਭੋਜਨ ਕਰਾਇਆ, ਬੀਮਾਰਾਂ ਨੂੰ ਚੰਗਾ ਕੀਤਾ ਅਤੇ ਦੁਖੀਆਂ ਨੂੰ ਤਸੱਲੀ ਦਿੱਤੀ ਸੀ। ਬਾਈਬਲ ਤੋਂ ਬਾਹਰ ਦੇ ਮੋਅਜਜ਼ਿਆਂ ਦੇ ਦਾਅਵਿਆਂ ਵਿੱਚੋਂ ਇਕ ਰੁੱਖਾ ਫ਼ਰਕ ਸ਼ਮੌਨ ਜਾਦੂਗਰ ਪੱਥਰ ਦੇ ਕੁੱਤਿਆਂ ਨੂੰ ਭੌਂਕਣ ਅਤੇ ਮੂਰਤੀਆਂ ਨੂੰ ਬੋਲਣ ਲਾ ਦੇਣ ਦੇ ਕਰਤਬਾਂ ਵਿਚ ਵੇਖਿਆ ਜਾਂਦਾ ਹੈ। ਇਹ ਵੀ ਸੁਣਿਆ ਹੈ ਕਿ ਇਹ ਜਾਦੂਗਰ ਆਪਣੇ ਆਪ ਨੂੰ ਬੱਕਰੀ ਬਣਾ ਲੈਂਦਾ ਸੀ ਅਤੇ ਬਲਦੇ ਕੋਲਿਆਂ 'ਤੇ ਲੇਟਦਾ ਸੀ।

ਬਾਈਬਲ ਦੇ ਬਾਹਰ ਦੇ ਅਖੌਤੀ ਚਮਤਕਾਰਾਂ ਵਿਚ ਨਾ ਸਿਰਫ਼ ਨੀਚ ਆਤਮਾ ਹੀ ਸਪੱਸ਼ਟ ਤੌਰ 'ਤੇ ਵਿਖਾਈ ਦਿੰਦੀ ਹੈ ਸਗੋਂ ਉਹਦਾ ਮਕਸਦ ਵੀ ਵੱਖ ਸੀ। ਬਾਈਬਲ ਦੇ ਮੋਅਜਜ਼ਿਆਂ ਦਾ ਮੁੱਖ ਮਕਸਦ ਕੁਝ ਸਾਬਿਤ ਕਰਨਾ ਸੀ, ਜਦਕਿ ਬਾਈਬਲ ਤੋਂ ਬਾਹਰੀ ਚਮਤਕਾਰਾਂ ਦਾ ਦਾਅਵਾ ਉਨ੍ਹਾਂ ਲੋਕਾਂ ਵਿਚ ਕੀਤਾ ਸੀ ਜਿਹੜੇ ਪਹਿਲਾਂ ਹੀ ਉਸ ਧਰਮ ਨੂੰ ਮੰਨਦੇ ਸਨ। ਇਹ ਚਮਤਕਾਰ ਉਨ੍ਹਾਂ ਦੇ ਧਰਮ ਦੇ ਸਬੂਤ ਨਹੀਂ ਸਗੋਂ ਉਨ੍ਹਾਂ ਨਾਲ ਜੁੜੇ ਹੋਏ ਸਨ।

ਬਾਈਬਲ ਦੇ ਮੋਅਜਜ਼ਿਆਂ ਦੀ ਸੱਚਾਈ ਮੁੱਖ ਇਤਰਾਜ਼ਾਂ ਵਿਚ ਵਜ਼ਨ ਘੱਟ ਹੈ ਅਤੇ ਇਹ ਮੰਨਣਯੋਗ ਨਹੀਂ ਲਗਦੇ।

## ਬਾਈਬਲ ਦੇ ਮੋਅਜਜ਼ਿਆਂ ਨੂੰ ਮੰਨਣ ਦਾ ਅਧਾਰ

ਬਾਈਬਲ ਦੇ ਮੋਅਜਜ਼ਿਆਂ ਦੀ ਸੱਚਾਈ ਦੇ ਦਾਅਵਿਆਂ ਨੂੰ ਘੱਟੋ-ਘੱਟ ਚਾਰ ਸੱਚਾਈਆਂ ਦੀ ਹਮਾਇਤ ਹਾਸਲ ਹੈ : (1) ਮੋਅਜਜ਼ਿਆਂ ਨਾਲ ਸਬੰਧਤ ਕਿਤਾਬ ਪੂਰੀ ਤਰ੍ਹਾਂ ਵਿਸ਼ਵਾਸਯੋਗ ਹੈ, (2) ਬਾਈਬਲ ਦੇ ਮੋਅਜਜ਼ਿਆਂ ਦਾ ਨਕਲੀ ਹੋਣ ਦਾ ਕੋਈ ਸੰਕੇਤ ਨਹੀਂ ਹੈ, (3) ਯਿਸੂ ਦੇ ਸਮਕਾਲੀ ਵੈਰੀਆਂ ਅਤੇ ਬਾਅਦ ਦੇ ਨਾਸਤਿਕਾਂ ਨੇ ਉਹਦੇ ਮੋਅਜਜ਼ਿਆ 'ਤੇ ਸ਼ੱਕ ਨਹੀਂ ਕੀਤਾ ਸੀ ਅਤੇ (4) ਯਿਸੂ ਦੇ ਜੀਵਨ ਸਬੰਧੀ ਚਾਨਣਾ ਪਾਉਣ ਲਈ ਮੋਅਜਜ਼ੇ ਜ਼ਰੂਰੀ ਸਨ।

### ਮੋਅਜਜ਼ਿਆਂ ਦਾ ਸਬੰਧ ਪ੍ਰਗਟਾਉਣ ਵਾਲੀ ਕਿਤਾਬ ਦੀ ਵਿਸ਼ਵਾਸਯੋਗਤਾ

ਸਬੂਤ ਦੀਆਂ ਬਹੁਤ ਸਾਰੀਆਂ ਰੇਖਾਵਾਂ (ਇਤਿਹਾਸਕ, ਪੁਰਾਤੱਤਵ, ਘਟਨਾਵਾਂ ਦੇ ਸੰਕੇਤ, ਲੇਖਕਾਂ ਦੇ ਚਰਿੱਤਰ ਅਤੇ ਲੇਖਾਂ ਦੇ ਪ੍ਰਭਾਵ) ਲਗਭਗ ਪੂਰੀ ਦੁਨੀਆਂ ਵਿਚ ਮੰਨੇ ਜਾਣ ਵਾਲੇ ਫ਼ੈਸਲੇ ਕਿ ਬਾਈਬਲ ਦੁਨੀਆਂ ਦੀ ਸਭ ਤੋਂ ਜ਼ਿਆਦਾ ਭਰੋਸੇ ਯੋਗ ਕਿਤਾਬ ਹੈ, ਦਾ ਵਰਣਨ ਕਰਨ ਲਈ (ਨੇੜੇ-ਨੇੜੇ) ਆ ਜਾਂਦੀਆਂ ਹਨ। ਜੇ ਬਾਈਬਲ ਕਿਤਾਬ ਹੁੰਦੀ ਜਿਸ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਤਾਂ ਇਹ ਇਹਦੀਆਂ ਅਲੌਕਿਕ ਘਟਨਾਵਾਂ ਦੀਆਂ ਕਹਾਣੀਆਂ ਨੂੰ ਨਕਾਰਨ ਦਾ ਚੰਗਾ ਕਾਰਣ ਹੋਣਾ ਸੀ। ਇਹਦੇ ਉਲਟ ਜੇ ਨਿਰਵਿਵਾਦ ਤੌਰ 'ਤੇ ਬਾਈਬਲ ਅੱਜ ਤਕ ਦੀ ਲਿਖੀ ਗਈ ਸਭ ਤੋਂ ਭਰੋਸੇਯੋਗ ਹੈ ਤਾਂ ਇਹਦੇ ਮੋਅਜਜ਼ਿਆਂ ਨੂੰ ਕਬੂਲ ਕਰਨ ਦਾ

ਚੰਗਾ ਕਾਰਣ ਹੈ। ਜੇ ਬਾਈਬਲ ਦੀ ਭਰੋਸੇਯੋਗਤਾ ਨੂੰ ਇਕ ਪਾਸੇ ਨਹੀਂ ਰੱਖਿਆ ਜਾ ਸਕਦਾ ਤਾਂ ਤਰਕਸੰਗਤ ਤੌਰ 'ਤੇ ਇਹਦੇ ਮੋਅਜਜ਼ਿਆਂ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ। ਇਸ ਲਈ ਬਾਈਬਲ 'ਤੇ ਭਰੋਸਾ ਕਰਨ ਦੀ ਗੱਲ ਹੀ, ਇਸ ਨਾਲ ਜੁੜੇ ਮੋਅਜਜ਼ਿਆਂ ਦੀ ਸੱਚਾਈ ਦਾ ਜ਼ਬਰਦਸਤ ਸਬੂਤ ਹੈ।

### ਬਾਈਬਲ ਦੇ ਮੋਅਜਜ਼ਿਆਂ ਦਾ ਝੂਠ ਹੋਣ ਦਾ ਕੋਈ ਸਬੂਤ ਨਹੀਂ ਹੈ

ਬਾਈਬਲ ਦੇ ਮੋਅਜਜ਼ਿਆਂ ਦੀ ਇਤਿਹਾਸਕਤਾ ਨੂੰ ਮੰਨਣ ਦਾ ਦੂਜਾ ਵੱਡਾ ਕਾਰਣ ਇਹਦਾ ਨਕਲੀ ਨਾ ਹੋਣਾ ਹੈ। ਧੋਖੇਬਾਜ਼ ਆਦਮੀ ਮਸ਼ਹੂਰੀ ਪਾਉਣ ਲਈ ਕੁਝ ਵੀ ਕਰ ਲੈਂਦਾ ਹੈ, ਪਰ ਯਿਸੂ ਵੱਲੋਂ ਲੋਕਾਂ ਨੂੰ ਕਦੇ-ਕਦੇ ਆਪਣੇ ਕੰਮਾਂ ਬਾਰੇ ਕੁਝ ਵੀ ਨਾ ਦੱਸਣਾ ਅਜੀਬ ਮਹਿਸੂਸ ਹੁੰਦਾ ਹੈ। ਸਪੱਸ਼ਟ ਤੌਰ 'ਤੇ ਅਜਿਹਾ ਉਸ ਨਾਸਮਝ ਲੋਕਾਂ ਦੀ ਭੀੜ ਤੋਂ ਬਚਣ ਲਈ ਕੀਤਾ ਸੀ ਜਿਹੜੀ ਉਹਦੇ ਖ਼ੁਦਾ ਹੋਣ ਨੂੰ ਨਹੀਂ ਸਗੋਂ ਸਿਰਫ਼ ਇਕ ਮੋਅਜਜ਼ੇ ਕਰਨ ਵਾਲੇ ਨੂੰ ਤੱਕਦੇ ਸਨ। ਮਸ਼ਹੂਰੀ ਪਾਉਣ ਤੋਂ ਮਨ੍ਹਾ ਕਰਨ ਦਾ ਉਹਦਾ ਜੋ ਵੀ ਕਾਰਣ ਹੋਵੇ, ਇਹ ਅਜਿਹਾ ਕਾਰਣ ਹੈ ਜਿਸ ਨੂੰ ਕੋਈ ਜਾਲਸਾਜ਼ ਨਹੀਂ ਕਰ ਸਕਦਾ।

ਇਹਦੇ ਇਲਾਵਾ ਇਕ ਜਾਲਸਾਜ਼ ਆਪਣੇ ਚਮਤਕਾਰ ਦਾ ਮਹੱਤਵ ਵਿਖਾਉਣ ਲਈ ਕੁਝ ਵੀ ਕਰ ਸਕਦਾ ਹੈ। ਇਸ ਦੀਨ ਨਾਸਰੀ ਤਰਖਾਣ ਨੇ ਮੋਅਜਜ਼ਿਆਂ ਦੇ ਮਹੱਤਵ ਨੂੰ ਪੂਰੀ ਤਰ੍ਹਾਂ ਜਾਣਦੇ ਹੋਏ ਵੀ ਕਦੀ ਕਦੀ ਉਨ੍ਹਾਂ ਨੂੰ ਅਸਹਿਮਤੀ ਨਾ ਜਤਾਈ। ਕਿਉਂਕਿ ਜਿਨ੍ਹਾਂ ਲੋਕਾਂ ਨੇ ਉਹਦੇ ਖ਼ੁਦਾ ਹੋਣ ਨੂੰ ਨਾ ਮੰਨਣ ਦੀ ਠਾਣ ਰੱਖੀ ਸੀ, ਉਨ੍ਹਾਂ ਲਈ ਮੋਅਜਜ਼ੇ ਤਾਂ ਬੇਕਾਰ ਦੀ ਕੋਸ਼ਿਸ਼ ਹੋਣੇ ਸਨ। ਉਹਨੇ ਮੋਅਜਜ਼ਿਆਂ ਨੂੰ ਆਪਣੇ ਆਪ ਵਿਚ ਮੰਜ਼ਿਲ ਨਹੀਂ ਬਣਨ ਦਿੱਤਾ। ਮੋਅਜਜ਼ੇ ਕਰਨ ਦੀ ਆਪਣੀ ਯੋਗਤਾ ਨੂੰ ਕੋਈ ਧੋਖੇਬਾਜ਼ ਐਨਾ ਘੱਟ ਨਹੀਂ ਵਿਖਾ ਸਕਦਾ।

ਇਹ ਤੱਥ ਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਕੋਈ ਮੋਅਜਜ਼ਾ ਨਹੀਂ ਕਰ ਸਕਿਆ, ਵਿਖਾਉਂਦਾ ਹੈ ਕਿ ਇੰਜੀਲ ਦੇ ਲੇਖਕ ਕਾਲਪਨਿਕ ਗੱਲਾਂ ਲਿਖਣ ਲਈ ਕਾਹਲੇ ਨਹੀਂ ਸਨ। ਇਹਦੇ ਇਲਾਵਾ, ਇਹ ਤੱਥ ਕਿ ਉਨ੍ਹਾਂ ਨੇ ਯਿਸੂ ਦੀ ਸੇਵਕਾਈ ਤੋਂ ਪਹਿਲਾਂ ਉਹਦੇ ਕਿਸੇ ਮੋਅਜਜ਼ੇ ਦਾ ਜ਼ਿਕਰ ਨਹੀਂ ਕੀਤਾ, ਸੰਕੇਤ ਕਰਦਾ ਹੈ ਕਿ ਉਹ ਇਤਿਹਾਸ ਲਿਖ ਰਹੇ ਸਨ, ਕਹਾਣੀਆਂ ਨਹੀਂ। ਨਾਲੇ, ਮੁਰਦਿਆਂ ਨੂੰ ਜ਼ਿੰਦਾ ਕਰਨ ਦੀਆਂ ਕੁਝ ਹੀ ਘਟਨਾਵਾਂ ਦਾ ਲਿਖਿਆ ਜਾਣਾ ਮੁੜ ਸੰਕੇਤ ਕਰਦਾ ਹੈ ਕਿ ਲੇਖਕ ਕਲਪਨਾ ਪ੍ਰੇਮੀ ਲੇਖਕ ਨਹੀਂ ਸਨ। ਰਾਜਾ ਹੈਰੋਦੇਸ ਦੇ ਸਾਹਮਣੇ ਕੋਈ ਮੋਅਜਜ਼ਾ ਕਰਨ ਨਾਲ ਯਿਸੂ ਦਾ ਇਨਕਾਰ ਸ਼ਮੌਨ ਜਾਦੂਗਰ ਤੋਂ ਬਿਲਕੁਲ ਉਲਟ ਹੈ।

ਇੰਜੀਲ ਦੇ ਬ੍ਰਿਤਾਂਤਾਂ ਦੀਆਂ ਗੱਲਾਂ ਨਕਲੀ ਨਾ ਹੋ ਕੇ, ਬਿਲਕੁਲ ਸੱਚ ਹਨ। ਫ੍ਰਾਂਸੀਸੀ ਤਰਕਸ਼ੀਲ ਜੋਸਫ਼ ਰੇਨਾਨ ਨੇ ਕਿਹਾ ਸੀ ਕਿ ਇੰਜੀਲ ਦੇ ਬ੍ਰਿਤਾਂਤਾਂ ਵਿਚ ਪ੍ਰਮਾਣਿਕਤਾ ਦੇ ਸਭ ਅੰਦਰੂਨੀ ਨਿਸ਼ਾਨ ਹਨ ਅਤੇ ਬਾਹਰੀ ਗਵਾਹੀ ਮੁੱਖ ਤੱਥਾਂ ਦੀ ਤਸਦੀਕ ਕਰਦੀ ਹੈ।

### ਯਿਸੂ ਦੇ ਵੈਰੀਆਂ ਨੇ ਉਹਦੇ ਮੋਅਜਜ਼ੇ 'ਤੇ ਸ਼ੱਕ ਨਹੀਂ ਕੀਤਾ

ਇੰਜੀਲ ਦੇ ਮੋਅਜਜ਼ਿਆਂ ਦੀ ਸੱਚਾਈ ਦਾ ਤੀਜਾ ਸ਼ਕਤੀਸ਼ਾਲੀ ਸਬੂਤ ਇਹ ਤੱਥ ਹੈ ਕਿ ਯਿਸੂ ਦੇ ਸਮਕਾਲੀ ਵੈਰੀਆਂ ਅਤੇ ਬਾਅਦ ਦੇ ਨਾਸਤਿਕਾਂ ਨੇ ਉਹਦੇ ਮੋਅਜਜ਼ਿਆਂ ਤੋਂ ਇਨਕਾਰ ਨਹੀਂ ਕੀਤਾ ਸੀ। ਉਨ੍ਹਾਂ ਵਿੱਚੋਂ ਵਧੇਰੇ ਕਰਕੇ ਖ਼ੁਦਾ ਹੋਣ 'ਤੇ ਵਿਸ਼ਵਾਸ ਨਹੀਂ ਕਰਦੇ ਸਨ ਪਰ ਉਹਦੇ ਮੋਅਜਜ਼ਿਆਂ ਸਬੰਧੀ ਸਵਾਲ ਉਠਾਉਣ ਵਾਲੇ ਕਿਸੇ ਵਿਅਕਤੀ ਦਾ ਜ਼ਿਕਰ ਨਹੀਂ

ਮਿਲਦਾ ਹੈ।

ਫ਼ਰੀਸੀ ਯਿਸੂ ਦੇ ਲਾਜਰ ਨੂੰ ਕਬਰ ਵਿੱਚੋਂ ਜਿਵਾਉਣ ਅਤੇ ਹੋਰ ਮੋਅਜਜ਼ੇ ਕਰਨ ਦੀ ਸੱਚਾਈ ਨੂੰ ਮੰਨਦੇ ਸਨ। ਉਨ੍ਹਾਂ ਆਖਿਆ ਸੀ, ''ਅਸੀਂ ਕੀ ਕਰਦੇ ਹਾਂ, ਕਿਉਂ ਜੋ ਇਹ ਮਨੁੱਖ ਬਹੁਤ ਨਿਸ਼ਾਨ ਵਿਖਾਉਂਦਾ ਹੈ? ਜੇ ਅਸੀਂ ਉਸ ਨੂੰ ਐਵੇਂ ਛੱਡ ਦੇਈਏ ਤਾਂ ਸਭ ਉਸ ਉੱਤੇ ਨਿਹਚਾ ਕਰਨਗੇ ਅਤੇ ਰੋਮੀ ਆ ਜਾਣਗੇ ਅਤੇ ਨਾਲੇ ਸਾਡੀ ਜਗ੍ਹਾ ਅਰ ਨਾਲੇ ਸਾਡੀ ਕੌਮ ਭੀ ਲੈ ਲੈਣਗੇ'' (ਯੂਹੰਨਾ 11:47, 48)। ਜੇ ਉਨ੍ਹਾਂ ਨੂੰ ਸ਼ੱਕ ਹੁੰਦਾ ਤਾਂ ਉਨ੍ਹਾਂ ਨੂੰ ਸਿਰਫ਼ ਲਾਜ਼ਰ ਦੇ ਘਰ ਇਕ ਦੋ ਮੀਲ ਜਾਣ ਦੀ ਹੀ ਲੋੜ ਸੀ। ਇਹ ਇਨਕਾਰ ਕਰਨ ਦੀ ਬਜਾਏ ਕਿ ਲਾਜ਼ਰ ਜੀ ਉੱਠਿਆ ਹੈ, ਉਨ੍ਹਾਂ ਨੇ ਲਾਜ਼ਰ ਦੀ ਹੱਤਿਆ ਕਰਨ ਦੀ ਸਲਾਹ ਲੈ ਕੇ ਸਬੂਤ ਹੀ ਮਿਟਾ ਛੱਡਣਾ ਚਾਹਿਆ।

ਰਾਜਾ ਹੈਰੋਦੇਸ ਅੰਤਿਪਾਸ ਨੇ ਨਾ ਸਿਰਫ਼ ਵਿਸ਼ਵਾਸ ਕੀਤਾ ਕਿ ਯਿਸੂ ਵਿਚ ਮੋਅਜਜ਼ੇ ਕਰਨ ਦੀ ਸ਼ਕਤੀ ਸੀ (ਮੱਤੀ 14:2), ਸਗੋਂ ਉਸਨੇ ਉਨ੍ਹਾਂ ਮੋਅਜਜ਼ਿਆਂ ਨੂੰ ਖ਼ੁਦ ਵੇਖਣ ਦੀ ਇੱਛਾ ਵੀ ਜਤਾਈ (ਲੂਕਾ 23:8)। ਯਹੂਦਾ ਇਸਕਰਯੋਤੀ ਨੇ ਗਵਾਹੀ ਦਿੱਤੀ ਕਿ ਯਿਸੂ ਧੋਖੇਬਾਜ਼ ਨਹੀਂ ਸੀ (ਮੱਤੀ 27:3, 4)। ਜਦ ਯਿਸੂ ਤੇ ਮੁਕੱਦਮਾ ਚੱਲ ਰਿਹਾ ਸੀ, ਤਾਂ ਉਹਦੇ ਵਿਰੋਧੀਆਂ ਨੇ ਉਹਨੂੰ ਦੋਸ਼ੀ ਠਹਿਰਾਉਣ ਲਈ ਹਰ ਹੀਲਾ ਅਪਣਾਇਆ। ਉਨ੍ਹਾਂ ਨੇ ਬਹੁਤ ਸਾਰੇ ਝੂਠੇ ਗਵਾਹ ਪੇਸ਼ ਕੀਤੇ (ਮੱਤੀ 26:60; ਮਰਕੁਸ 14:55, 56), ਪਰ ਉਨ੍ਹਾਂ ਨੂੰ ਇਹ ਸਹੁੰ ਖਾਣ ਵਾਲਾ ਕੋਈ ਨਹੀਂ ਮਿਲਿਆ ਕਿ ਯਿਸੂ ਦੇ ਮੋਅਜਜ਼ੇ ਅਸਲੀ ਨਹੀਂ ਸਨ।

ਪੈਂਟੀਕਾਸਟ ਵਾਲੇ ਦਿਨ, ਪਤਰਸ ਨੇ ਹਜ਼ਾਰਾਂ ਯਹੂਦੀਆ ਨਾਲ ਗੱਲ ਕੀਤੀ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਯਿਸੂ ਨੂੰ ਸਲੀਬ ਚੜ੍ਹਾਉਣ ਵਿਚ ਹਿੱਸਾ ਪਾਇਆ ਸੀ। ਬਿਨਾ ਝਗੜੇ ਦੇ ਉਹਨੇ ਐਲਾਨ ਕੀਤਾ ਕਿ ਯਿਸੂ ਨੇ ''ਕਰਾਮਾਤਾਂ ਅਤੇ ਅਚੰਭਿਆਂ ਅਤੇ ਨਿਸ਼ਾਨੀਆਂ ... ਤੁਹਾਡੇ ਵਿਚ ਵਿਖਾਲੀਆਂ, ਜਿਹਾ ਤੁਸੀਂ ਆਪ ਜਾਣਦੇ ਹੋ'' (ਰਸੂਲਾਂ ਦੇ ਕੰਮ 2:22)। ਬੇਸਹਾਰਾ ਲੰਗੜੇ ਆਦਮੀ ਦੇ ਚੰਗਾ ਕਰਨ ਦੇ ਸਬੰਧ ਵਿਚ, ਮਸੀਹੀਅਤ ਦਾ ਵਿਰੋਧ ਕਰਨ ਵਾਲਿਆਂ ਨੇ ਇਹ ਕਹਿੰਦਿਆਂ ਮੰਨਿਆ ਕਿ ''ਉਨ੍ਹਾਂ ਤੋਂ ਇਕ ਪਰਤੱਖ ਨਿਸ਼ਾਨ ਹੋਇਆ ... ਹੈ ਅਤੇ ਅਸੀਂ ਇਸ ਤੋਂ ਮੁੱਕਰ ਨਹੀਂ ਸਕਦੇ'' (ਰਸੂਲਾਂ ਦੇ ਕੰਮ 4:16)। ਸ਼ਮੌਨ ਜਾਦੂਗਰ ਜਿਹੜਾ ਝੂਠ ਮੂਠ ਦੇ ਚਮਤਕਾਰ ਕਰਦਾ ਸੀ ਫ਼ਿਲਿੱਪੁਸ ਦੇ ਹੱਥੋਂ, ''ਨਿਸ਼ਾਨੀਆਂ ਅਤੇ ਵੱਡੀਆਂ ਕਰਾਮਾਤਾਂ ਜੋ ਪਰਗਟ ਹੋਈਆਂ ਸਨ ਵੇਖ ਕੇ ਦੰਗ'' ਹੁੰਦਾ ਸੀ (ਰਸੂਲਾਂ ਦੇ ਕੰਮ 8:13)।

ਯਿਸੂ ਦੇ ਸਮਕਾਲੀ ਵੈਰੀ ਹੀ ਉਹਦੇ ਮੋਅਜਜ਼ਿਆਂ ਦੀ ਹਕੀਕਤ ਨੂੰ ਨਹੀਂ ਮੰਨਦੇ ਸਨ ਸਗੋਂ ਬਾਅਦ ਦੇ ਬੇਵਿਸ਼ਵਾਸੇ ਵੀ ਉਹਨੂੰ ਮੰਨਦੇ ਸਨ। ਤਾਲਮੁੱਡ ਵਿਚ ਯਹੂਦੀ ਰੱਬੀਆਂ ਦੇ ਲੇਖਾਂ ਵਿਚ ਯਿਸੂ ਦੇ ਮੋਅਜਜ਼ਿਆਂ ਨੂੰ ਜਾਦੂ ਜਾਂ ''ਯਹੋਵਾਹ ਦੇ ਸਨਮਾਨਤ ਨਾਮ ਦੀ ਸ਼ਕਤੀ'' ਤੋਂ ਮੰਨ ਕੇ ਕਬੂਲ ਕੀਤਾ ਗਿਆ ਸੀ।

ਗ਼ੈਰ ਕੌਮਾਂ ਦੇ ਬੇਵਿਸ਼ਵਾਸੇ ਵੀ ਭਾਵੇਂ ਦੋਸ਼ ਲੱਭਦੇ ਸਨ, ਪਰ ਉਨ੍ਹਾਂ ਵੀ ਇੰਜੀਲ ਦੇ ਚਮਤਕਾਰਾਂ ਦੀ ਤਸਦੀਕ 'ਤੇ ਹਮਲਾ ਨਹੀਂ ਕੀਤਾ। ਦੂਜੀ ਸਦੀ ਵਿਚ, ਸੈਲਸਸ ਨੇ ਯਿਸੂ ਦੇ ਧਰਮ ਦੇ ਵਿਰੋਧ ਵਿਚ ਲਿਖਿਆ, ਪਰ ਉਹਨੇ ਕਦੇ ਉਹਦੇ ਮੋਅਜਜ਼ਿਆਂ 'ਤੇ ਕੋਈ ਸਵਾਲ ਨਹੀਂ ਉਠਾਇਆ। ਉਹਨੇ ਉਨ੍ਹਾਂ ਨੂੰ ਜਾਦੂ ਦਾ ਨਾਮ ਦਿੱਤਾ। ਜਿਹਨੂੰ ਉਹ ਆਖਦਾ ਸੀ ਕਿ ਮਸੀਹ ਨੇ ਮਿਸਰ ਵਿੱਚੋਂ ਸਿੱਖਿਆ ਸੀ। 270ਈ. ਦੇ ਲਗਭਗ ਇਕ ਤਕੜੇ ਵਿਰੋਧੀ, ਪੋਰਫਾਇਰੀ ਨੇ ਮਸੀਹੀਅਤ ਦਾ ਖਾਤਮਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹਦੇ ਲੇਖ ਨਵੇਂ ਨੇਮ

ਦੀਆਂ ਗੱਲਾਂ ਨਾਲ ਮਿਲਦੇ ਜੁਲਦੇ ਸਨ, ਪਰ ਉਹਨੇ ਮੋਅਜਜ਼ਿਆਂ ਦਾ ਇਨਕਾਰ ਨਹੀਂ ਕੀਤਾ ਸੀ। 303 ਈ. ਵਿਚ ਬਿਥੁਨੀਆਂ ਦੇ ਰਾਜਪਾਲ, ਹਿਅਰੋਕਲਸ ਨੇ ਨਵੇਂ ਨੇਮ ਵਿਚ ਅੰਦਰੂਨੀ ਦੋਸ਼ਾਂ ਅਤੇ ਵਿਰੋਧਾਂ ਨੂੰ ਲੱਭਿਆ। ਇਹਦੇ ਨਤੀਜੇ ਵੱਜੋਂ ਲਿਖੀ ਗਈ ਉਹਦੀ ਕਿਤਾਬ ਵਿਚ ਕਿਸੇ ਵੀ ਮੋਅਜਜ਼ੇ ਨੂੰ ਤੁੱਛ ਨਹੀਂ ਜਾਣਿਆ ਗਿਆ। ਬਾਦਸ਼ਾਹ ਜੂਲੀਅਨ (ਬੇਦੀਨ ਹੋਣ ਵਾਲੇ ਜੂਲੀਅਨ) ਨੇ ਮਸੀਹੀਅਤ ਦੀਆਂ ਜੜ੍ਹਾਂ ਪੁੱਟਣ ਲਈ ਆਪਣੀ ਪੂਰੀ ਤਾਕਤ ਲਾ ਦਿੱਤੀ ਸੀ। ਸਨ 361 ਈਸਵੀ ਵਿਚ ਉਹਨੇ ਵੀ ਆਪਣੇ ਲੇਖਾਂ ਵਿਚ ਯਿਸੂ ਦੇ ਧਰਮ ਤੇ ਹੱਲਾ ਬੋਲਿਆ ਸੀ। ਉਹਨੇ ਕਿਸੇ ਮੋਅਜਜ਼ੇ ਦਾ ਇਨਕਾਰ ਨਹੀਂ ਕੀਤਾ, ਸਗੋਂ ਮੰਨਿਆ ਕਿ ਯਿਸੂ ਲੋਕਾਂ ਨੂੰ ਚੰਗਾ ਕਰਦਾ ਸੀ, ਬਦਰੂਹਾਂ ਨੂੰ ਕੱਢਦਾ ਸੀ ਅਤੇ ਪਾਣੀ ਉੱਤੇ ਚੱਲਿਆ ਸੀ।

ਅਰੰਭਿਕ ਯਹੂਦੀ ਅਤੇ ਗ਼ੈਰ ਕੌਮ ਬੇਵਿਸ਼ਵਾਸਿਆਂ ਨੇ ਯਿਸੂ ਦੇ ਧਰਮ ਦੀ ਹਮਾਇਤ ਵਿਚ ਥੋੜ੍ਹੀ ਜਿਹੀ ਧੋਖੇਬਾਜ਼ੀ ਨੂੰ ਸਾਹਮਣੇ ਲਿਆ ਕੇ ਬੜੇ ਖ਼ੁਸ਼ ਹੋਣਾ ਸੀ। ਇਹ ਆਲੋਚਕ ਨਾ ਚਾਹੁੰਦੇ ਹੋਏ ਅਤੇ ਉਨ੍ਹਾਂ ਮੋਅਜਜ਼ਿਆਂ ਦੀ ਗਵਾਹੀ ਦੇ ਕਾਰਣ ਉਹਦੇ ਮੋਅਜਜ਼ਿਆਂ ਦੇ ਵਿਰੋਧ ਵਿਚ ਕੁਝ ਨਾ ਕਹਿ ਸਕੇ ਭਾਵ ਉਹ ਖ਼ਾਮੋਸ਼ ਸਨ।

**ਯਿਸੂ ਦੇ ਜੀਵਨ ਸਬੰਧੀ ਬਿਆਨ ਕਰਨ ਲਈ ਮੋਅਜਜ਼ਿਆਂ ਦਾ ਜ਼ਿਕਰ ਜ਼ਰੂਰੀ ਹੈ**

ਬਾਈਬਲ ਦੇ ਮੋਅਜਜ਼ਿਆਂ ਦੀ ਸੱਚਾਈ ਨੂੰ ਮੰਨਣ ਦਾ ਚੌਥਾ ਵੱਡਾ ਕਾਰਣ ਇਹ ਤੱਥ ਹੈ ਕਿ ਯਿਸੂ ਦਾ ਜੀਵਨ ਪੂਰੀ ਤਰ੍ਹਾਂ ਕੁਦਰਤੀ ਮਾਨਤਾਵਾਂ 'ਤੇ ਅਧਾਰਤ ਹੈ। ਕੁਝ ਲੋਕਾਂ ਨੇ ਯਿਸੂ ਦੇ ਜੀਵਨ ਵਿੱਚੋਂ ਕੁਦਰਤੀ ਮੋਅਜਜ਼ਿਆਂ ਨੂੰ ਵੱਖ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਉਨ੍ਹਾਂ ਨੂੰ ਕੋਈ ਕਾਮਯਾਬੀ ਨਹੀਂ ਮਿਲੀ। ਦੋਵੇਂ ਇਕ ਦੂਜੇ ਨਾਲ ਮਿਲ ਕੇ ਪੂਰਣ ਬਣਦੇ ਹਨ। ਇਕ ਦੇ ਬਿਨਾਂ ਦੂਜੇ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਯਿਸੂ ਦੇ ਜੀਵਨ ਦਾ ਕੁਝ ਹਿੱਸਾ ਮੋਅਜਜ਼ੇ ਕਰਨ ਦੀ ਸ਼ਕਤੀ ਤੇ ਉਹਦੇ ਵੈਰੀਆਂ ਦੀ ਪ੍ਰਤੀਕਿਰਿਆ ਸੀ। ਜੇ ਉਹਨੇ ਅਸ਼ੁੱਧ ਆਤਮਾਵਾਂ ਨੂੰ ਨਹੀਂ ਕੱਢਿਆ ਤਾਂ ਉਨ੍ਹਾਂ ਦਾ ਉਹਦੇ ਨਾਲ ਇਸ ਤਰ੍ਹਾਂ ਵਿਹਾਰ ਕਰਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਯਿਸੂ ਨੇ ਇਕ ਬੀਮਾਰ ਔਰਤ ਨੂੰ ਛੂਹ ਕੇ ਓਸੇ ਵੇਲੇ ਠੀਕ ਕਰ ਦਿੱਤਾ ਸੀ ਅਤੇ ਉਹ ਉਹਦੀ ਸੇਵਾ ਕਰਨ ਲੱਗ ਪਈ ਸੀ। ਮੋਅਜਜ਼ੇ ਕਰਨ ਦੀ ਗੱਲ ਕੁਦਰਤੀ ਨਾਲ ਜੁੜ ਜਾਂਦੀ ਹੈ।

ਲੋਕਾਂ ਦੀ ਵੱਡੀ ਭੀੜ ਯਿਸੂ ਦੇ ਨਾਲ ਰਹਿੰਦੀ ਸੀ। ਉਹਦੇ ਮੋਅਜਜ਼ਿਆਂ ਕਾਰਣ ਲੋਕਾਂ ਤੇ ਉਹਦੇ ਪ੍ਰਭਾਵ ਦੀ ਸਮਝ ਆਉਂਦੀ ਹੈ, ਪਰ ਮੋਅਜਜ਼ਿਆਂ ਬਿਨਾਂ ਲੋਕਾਂ ਨੂੰ ਆਪਣੇ ਵੱਲ ਖਿੱਚਣ ਦੀ ਸ਼ਕਤੀ ਤਾਂ ਇਕ ਪਹੇਲੀ ਹੀ ਹੋਵੇਗੀ ਅਤੇ ਸੰਸਾਰ ਦਾ ਸਭ ਤੋਂ ਚੰਗਾ ਆਦਮੀ ਇਕ ਧੋਖੇਬਾਜ਼ ਦੇ ਤੌਰ 'ਤੇ ਵਿਖਾਈ ਦੇਵੇਗਾ।

ਯਿਸੂ ਦੀ ਸੇਵਕਾਈ ਦਾ ਇਕ ਅਹਿਮ ਹਿੱਸਾ ਉਸ ਵਿਚ ਚੇਲਿਆਂ ਦਾ ਵਿਸ਼ਵਾਸ ਸੀ। ਜੇ ਉਹ ਨੀਮ ਹਕੀਮ ਹੀ ਹੁੰਦਾ ਤਾਂ ਉਸ ਵਿਸ਼ਵਾਸ ਦੀ ਵਿਆਖਿਆ ਨਹੀਂ ਹੋ ਸਕਦੀ ਸੀ, ਕਿਉਂਕਿ ਫਿਰ ਤਾਂ ਉਹ ਧੰਦੇ ਦੇ ਰਹੱਸ ਹੀ ਉਨ੍ਹਾਂ ਨੂੰ ਅੱਗੇ ਦੇ ਸਕਦਾ ਸੀ। ਤਿੰਨ ਸਾਲ ਤਕ ਉਹਦੇ ਪਿੱਛੇ ਚੱਲਣ ਤੋਂ ਬਾਅਦ, ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹਦੇ ਮੋਅਜਜ਼ੇ ਅਸਲੀ ਹਨ।

## ਸਾਰ

ਸਭ ਤੋਂ ਵੱਡੇ ਮੋਅਜਜ਼ੇ ਭਾਵ ਯਿਸੂ ਮਸੀਹ ਦੇ ਜੀ ਉੱਠਣ 'ਤੇ ਵਿਚਾਰ ਕੀਤੇ ਬਿਨਾਂ ਬਾਈਬਲ ਦੇ ਮੋਅਜਜ਼ਿਆਂ ਦੀ ਸੱਚਾਈ ਦੀ ਕੋਈ ਵੀ ਚਰਚਾ ਅਧੂਰੀ ਹੈ। ਉਸ ਮੋਅਜਜ਼ੇ 'ਤੇ ਅਗਲਾ ਸਬਕ ਦਿੱਤਾ ਗਿਆ ਹੈ। ਕਿਰਪਾ ਕਰਕੇ ਇਸ 'ਤੇ ਧਿਆਨ ਨਾਲ ਅਤੇ ਦੁਆ ਕਰਕੇ ਵਿਚਾਰ ਕਰੋ।

---

ਟਿੱਪਣੀਆਂ

[1]''ਡੇਵਿਡ ਹਯੂਮ, *ਐਨ ਇਨਕੁਆਇਰੀ ਕੰਸਰਨਿੰਗ ਦ ਹਿਊਮਨ ਅੰਡਰਸਟੈਂਡਿੰਗ, ਐਂਡ ਐਨ ਇਨਕੁਆਇਰੀ ਕੰਸਰਨਿੰਗ ਦ ਪ੍ਰਿੰਸੀਪਲ ਆਫ਼ ਮੌਰਲਸ,* ਸੰਪਾ. ਐਲ.ਏ. ਸੇਲਵੀ-ਬਿੱਗੇ (ਆਕਸਫ਼ੋਰਡ: ਕਲੇਅਰਡਨ ਪ੍ਰੈੱਸ, 1894), 120. [2]ਉਹੀ 127. [3]ਉਹੀ 127-28. [4]ਉਹੀ 128-29. [5]ਉਹੀ 115-16.

---

## ਸਭ ਤੋਂ ਵੱਡਾ ਮੋਅਜਜ਼ਾ: ਯਿਸੂ ਦਾ ਜੀ ਉੱਠਣਾ

ਇਕ ਪੱਖੋਂ, ਇਕ ਮੋਅਜਜ਼ਾ ਦੂਜੇ ਮੋਅਜਜ਼ੇ ਵਾਂਗੂੰ ਹੀ ਮੁਸ਼ਕਿਲ ਹੈ ਅਤੇ ਇਕ ਅਚੰਭਾ ਦੂਜੇ ਵਾਂਗੂੰ ਅਸਾਨ ਵੀ ਹੈ। ਇਕ ਹੋਰ ਪੱਖੋਂ, ਬਾਈਬਲ ਵਿਚਲੇ ਕਿਸੇ ਵੀ ਮੋਅਜਜ਼ੇ ਦਾ ਅਸਰ ਯਿਸੂ ਦੀ ਦੇਹ ਦੇ ਜੀ ਉੱਠਣ ਜਿੰਨਾ ਨਹੀਂ ਹੈ, ਜਿਸ ਵਿਚ ਮੌਤ ਦਾ ਉਸ 'ਤੇ ਕੋਈ ਅਖ਼ਤਿਆਰ ਨਹੀਂ ਰਿਹਾ। ਜੇ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਮੋਅਜਜ਼ੇ ਨੂੰ ਸਾਬਤ ਕੀਤਾ ਜਾ ਸਕਦਾ ਹੈ ਤਾਂ ਯਕੀਨਨ ਹੀ ਬਾਈਬਲ ਦੇ ਹੋਰ ਸਭ ਮੋਅਜਜ਼ੇ ਮੰਨਣ ਯੋਗ ਅਤੇ ਸੱਚੇ ਹਨ। ਇਸ ਲਈ ਯਿਸੂ ਦੇ ਜੀ ਉੱਠਣ ਦੇ ਨਤੀਜੇ ਐਨੇ ਅਹਿਮ ਅਤੇ ਐਨੀ ਦੂਰ ਤਕ ਅਸਰ ਕਰਨ ਵਾਲੇ ਹਨ ਕਿ ਇਸ ਜੀ ਉੱਠਣ ਦੇ ਸਹੀ ਅਤੇ ਗ਼ਲਤ ਸਿੱਧ ਹੋਣ ਨਾਲ ਹੀ ਬਾਈਬਲ ਦੇ ਹੋਰ ਸਭ ਮੋਅਜਜ਼ਿਆਂ ਨੂੰ ਸਹੀ ਜਾਂ ਗ਼ਲਤ ਸਿੱਧ ਕੀਤਾ ਜਾ ਸਕਦਾ ਹੈ। ਇਸ ਕਰਕੇ ਯਿਸੂ ਦੇ ਦਫ਼ਨਾਏ ਜਾਣ ਦੇ ਤੀਜੇ ਦਿਨ ਜੋ ਕੁਝ ਹੋਇਆ ਉਹਦਾ ਵਿਸ਼ੇਸ਼ ਅਧਿਐਨ ਆਮ ਤੌਰ 'ਤੇ ਬਾਈਬਲ ਦੇ ਮੋਅਜਜ਼ਿਆਂ ਨੂੰ ਸਹੀ ਜਾਂ ਗ਼ਲਤ ਸਿੱਧ ਕਰਨ ਦਾ ਅਸਾਨ ਅਤੇ ਸਿੱਧਾ ਤਰੀਕਾ ਹੈ।

## ਜੇ ਉਹ ਜੀ ਨਹੀਂ ਉੱਠਿਆ

ਇਕ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਜੇ ਯਿਸੂ ਮੁਰਦਿਆਂ ਵਿੱਚੋਂ ਜ਼ਿੰਦਾ ਨਹੀਂ ਹੋਇਆ ਤਾਂ ਉਹਦੀ ਦੇਹ ਨਾਲ ਛੇ ਗੱਲਾਂ ਹੋ ਸਕਦੀਆਂ ਹਨ।

(1) *ਯਿਸੂ ਦੇ ਚੇਲੇ ਉਹਦੀ ਦੇਹ ਚੁਰਾ ਕੇ ਲੈ ਗਏ।* ਯਿਸੂ ਦੇ ਚੇਲਿਆਂ ਵੱਲੋਂ ਉਹਦੀ ਦੇਹ ਨੂੰ ਚੁਰਾਉਣ ਦੀ ਗੱਲ ਬੇਵਿਸ਼ਵਾਸੀਆਂ ਦੀ ਸਭ ਤੋਂ ਪਹਿਲੀ ਥਿਊਰੀ ਸੀ। ਇਹ ਥਿਊਰੀ ਯਹੂਦੀਆਂ ਦੇ ਪ੍ਰਧਾਨ ਯਾਜਕਾਂ ਨੂੰ ਕਬਰ ਦੀ ਰਾਖੀ ਕਰਨ ਵਾਲੇ ਸਿਪਾਹੀਆਂ ਨੇ ਦੱਸੀ ਸੀ। (ਵੇਖੋ ਮੱਤੀ 28: 1-15.) ਇਸ ਥਿਊਰੀ ਵਿਚ ਕਲਪਨਾ ਕੀਤੀ ਜਾਂਦੀ ਹੈ ਕਿ ਸਭ ਸਿਪਾਹੀ ਡਿਊਟੀ ਦੌਰਾਨ ਸੌਂ ਗਏ ਸਨ, ਪਰ ਉਨ੍ਹਾਂ ਇਹ ਦੱਸ ਦਿੱਤਾ ਕਿ ਉਨ੍ਹਾਂ ਦੇ ਸੁੱਤਿਆਂ ਕੀ ਹੋਇਆ ਸੀ। ਇਹਦੇ ਇਲਾਵਾ, ਇਹਦਾ ਅਰਥ ਹੈ ਕਿ ਛੋਟੀ ਮੋਟੀ ਚੋਰੀ ਕਰਨ ਵਾਲੇ ਚੇਲੇ ਯਿਸੂ ਦਾ ਮਲਮਲ ਦਾ ਕਫ਼ਨ ਲਾਹ ਕੇ ਇਕ ਪਾਸੇ ਰੱਖ ਕੇ ਅਤੇ ਉਹਦੇ ਸਿਰ ਦਾ ਕੱਪੜਾ ਲਾਹ ਕੇ ਇਹਨੂੰ ਲਪੇਟ

ਕੇ ਉਹਦੇ ਕੋਲ ਖਾਲੀ ਕਬਰ ਵਿਚ ਰੱਖ ਗਏ ਸਨ। ਇਹ ਥਿਊਰੀ ਯਿਸੂ ਦੇ ਚੇਲਿਆਂ ਨੂੰ ਜੋ ਲੋਕਾਂ ਨੂੰ ਸੱਚਾਈ ਭਰਪੂਰ ਜ਼ਿੰਦਗੀ ਗੁਜ਼ਾਰਨ ਦੀ ਸਲਾਹ ਦਿੰਦੇ ਸਨ, ਫ਼ਰੇਬੀ ਠਹਿਰਾਉਂਦੀ ਹੈ।

(2) *ਬੇਹੋਸ਼ ਹੋਣ ਦੀ ਥਿਊਰੀ।* ਦੂਜੀ ਥਿਊਰੀ ਵਿਚ ਕਿਹਾ ਜਾਂਦਾ ਹੈ ਕਿ ਯਿਸੂ ਅਸਲ 'ਚ ਮਰਿਆ ਨਹੀਂ ਸੀ, ਉਹ ਬੇਹੋਸ਼ ਹੋ ਗਿਆ ਸੀ। ਫਿਰ, ਹੋਸ਼ ਵਿਚ ਆਉਣ 'ਤੇ ਉਹਨੇ ਲੋਕਾਂ ਨੂੰ ਦੱਸਿਆ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਇਸ ਥਿਊਰੀ ਵਿਚ ਕਲਪਨਾ ਕੀਤੀ ਜਾਂਦੀ ਹੈ ਕਿ ਸਲੀਬ ਤੇ ਸਿੱਧੇ ਟੰਗੇ ਹੋਏ ਛੇ ਘੰਟੇ ਦੀ ਕਠਿਨ ਪ੍ਰੀਖਿਆ, ਪੱਸਲੀ ਵਿਚ ਸਿਪਾਹੀਆਂ ਵੱਲੋਂ ਨੇਜ਼ਾ ਮਾਰਨ ਅਤੇ ਮੋਹਰਬੰਦ ਕਬਰ ਵਿਚ ਤਿੰਨ ਦਿਨ ਰਹਿਣ ਤੇ ਬਾਅਦ ਵੀ ਯਿਸੂ ਜ਼ਿੰਦਾ ਰਿਹਾ ਸੀ। ਇਸ ਥਿਊਰੀ ਵਿਚ ਦਾਅਵਾ ਕੀਤਾ ਜਾਂਦਾ ਹੈ ਕਿ ਜ਼ਖ਼ਮੀ, ਲਹੂ ਲੁਹਾਨ ਯਿਸੂ, ਬਿਨਾਂ ਕੁਝ ਖਾਧੇ ਪੀਤੇ ਤਿੰਨ ਦਿਨਾਂ ਬਾਅਦ ਹੋਸ਼ ਵਿਚ ਆਇਆ, ਤਾਂ ਉਹਨੇ ਆਪਣਾ ਕਫ਼ਨ ਅਤੇ ਸਿਰ ਦੀ ਪੱਟੀ ਉਤਾਰ ਦਿੱਤੀ, ''ਉਹ ਬਹੁਤ ਹੀ ਵੱਡਾ'' (ਮਰਕੁਸ 16:4) ਪੱਥਰ ਹਟਾ ਦਿੱਤਾ, ਪਹਿਰੇਦਾਰਾਂ ਤੋਂ ਬਚ ਨਿੱਕਲਿਆ ਅਤੇ ਇੰਮਾਊਸ ਤਕ ਜਾ ਕੇ ਵਾਪਸ ਆ ਗਿਆ।

ਅਸਲ 'ਚ ਪਿਲਾਤੂਸ ਨੇ ਸੂਬੇਦਾਰ ਵੱਲੋਂ ਯਿਸੂ ਦੀ ਮੌਤ ਦੀ ਤਸਦੀਕ ਕੀਤੇ ਬਗ਼ੈਰ ਉਹਦੀ ਲਾਸ਼ ਨਹੀਂ ਦਿੱਤੀ ਸੀ। ਇਹਦੇ ਇਲਾਵਾ, ਯਹੂਦੀਆਂ ਦਾ ਮੰਨਣਾ ਸੀ ਕਿ ਮੌਤ ਸਾਬਿਤ ਕੀਤੇ ਬਗ਼ੈਰ ਉਹਦੀ ਲਾਸ਼ ਨਹੀਂ ਦਿੱਤੀ ਗਈ ਸੀ। ਇਹਦੇ ਇਲਾਵਾ ਯਹੂਦੀ ਲੋਕ ਸਮਝਦੇ ਸਨ ਕਿ ਯਿਸੂ ਸਚਮੁਚ ਮਰ ਗਿਆ ਸੀ।

(3) *ਯਿਸੂ ਦੇ ਵੈਰੀਆਂ ਨੇ ਉਹਦੀ ਲਾਸ਼ ਚੁਰਾ ਲਈ।* ਤੀਜੀ ਥਿਊਰੀ ਵਿਚ ਦਾਅਵਾ ਕੀਤਾ ਜਾਂਦਾ ਹੈ ਕਿ ਉਹਦੀ ਲਾਸ਼ ਨੂੰ ਉਹਦੇ ਵੈਰੀ ਚੁਰਾ ਕੇ ਲੈ ਗਏ ਸਨ। ਜੇ ਇਹ ਸਹੀ ਹੁੰਦਾ ਤਾਂ ਮਸੀਹੀਅਤ ਕਦੋ ਦੀ ਖ਼ਤਮ ਹੋ ਗਈ ਹੁੰਦੀ। ਯਿਸੂ ਦੇ ਦੁਸ਼ਮਣ ਯਿਸੂ ਦੇ ਮਰੇ ਰਹਿਣ ਦਾ ਸਬੂਤ ਦੇ ਦਿੰਦੇ ਜਾਂ ਉਹਦੀ ਲਾਸ਼ ਹੀ ਵਿਖਾ ਦਿੰਦੇ ਤਾਂ ਇਕ ਨਵੇਂ ਧਰਮ ਨੂੰ ਬੜਾ ਧੱਕਾ ਲੱਗਣਾ ਸੀ।

(4) *ਵਹਿਮ।* ਬਹੁਤ ਸਾਰੇ ਬੇਵਿਸ਼ਵਾਸਿਆਂ ਵੱਲੋਂ ਮੰਨੀ ਜਾਣ ਵਾਲੀ ਚੌਥੀ ਥਿਊਰੀ ਇਹ ਹੈ ਕਿ ਯਿਸੂ ਦੇ ਚੇਲਿਆ ਨੂੰ ਵਹਿਮ ਸੀ, ਭਾਵ ਉਨ੍ਹਾਂ ਨੂੰ ਯਿਸੂ ਨੂੰ ਫੇਰ ਤੋਂ ਵੇਖਣ ਦੀ ਐਨੀ ਚਾਹ ਸੀ ਕਿ ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਉਹਨੂੰ ਵੇਖਿਆ ਹੈ। ਇਹਦੇ ਉਲਟ, ਉਹਦੇ ਚੇਲਿਆਂ ਨੂੰ ਤਾਂ ਉਹਨੂੰ ਦੁਬਾਰਾ ਵੇਖਣ ਦੀ ਉਮੀਦ ਹੀ *ਨਹੀਂ* ਸੀ। ਪਹਿਲੀ ਵਾਰ ਜੀ ਉੱਠਣ ਦੀ ਗੱਲ ਸੁਣ ਕੇ ਉਨ੍ਹਾਂ ਨੂੰ ਤਾਂ ਯਕੀਨ ਹੀ ਨਹੀਂ ਆਇਆ ਸੀ। ਅਸਲ 'ਚ ਉਹ ਪਹਿਲੇ ਸ਼ੱਕੀ ਸਨ, ਪਰ ਉਨ੍ਹਾਂ ਦਾ ਸ਼ੱਕ ਬੇਲਾਗ ਸੀ। ਸ਼ੱਕ ਕਰਨ ਵਾਲਾ ਬੰਦਾ ਭਰਮ ਦਾ ਸ਼ਿਕਾਰ ਨਹੀਂ ਹੋ ਸਕਦਾ। ਫਿਰ ਜੇ ਚੇਲੇ ਕਿਸੇ ਅਜਿਹੀ ਕਲਪਨਾ ਦਾ ਸ਼ਿਕਾਰ ਸਨ ਤਾਂ ਕਈ ਤੱਥ ਹਨ ਜਿਨ੍ਹਾਂ ਦੀ ਵਿਆਖਿਆ ਨਹੀਂ ਕੀਤੀ ਗਈ ਹੈ। ਭਰਮ ਦੀ ਥਿਊਰੀ ਵਿਚ ਖਾਲੀ ਕਬਰ ਦਾ ਕਾਰਣ ਸ਼ਾਮਿਲ ਨਹੀਂ ਕੀਤਾ ਗਿਆ। ਇਸ ਵਿਚ ਝੀਲ ਦੇ ਕੰਢੇ ਰੋਟੀ ਅਤੇ ਮੱਛੀ ਖਾਣ ਅਤੇ ਪੰਜ ਸੌ ਲੋਕਾਂ 'ਚ ਓਸੇ ਭਰਮ ਦੀ ਗੱਲ ਨਹੀਂ ਕੀਤੀ ਗਈ। ਇਹਦੇ ਇਲਾਵਾ, ਇਸ ਵਿਚ ਇਹ ਵਿਚਾਰ ਨਹੀਂ ਕੀਤਾ ਜਾਂਦਾ ਕਿ ਦੋ ਮਹੀਨਿਆਂ ਤੋਂ ਘੱਟ ਸਮੇਂ ਵਿਚ ਤਿੰਨ ਹਜ਼ਾਰ ਲੋਕ ਕਿਵੇਂ ਜਾਂ ਕਿਉਂ ਵਿਸ਼ਵਾਸੀ ਬਣ ਗਏ, ਯਿਸੂ ਦਾ ਦਰਸ਼ਨ ਦੇਣਾ ਬੰਦ ਹੋਣ ਦੇ ਬਾਵਜੂਦ ਉਹਦੇ ਜੀ ਉੱਠਣ ਵਿਚ ਵਿਸ਼ਵਾਸ ਬਣਿਆ ਰਿਹਾ।

(5) *ਮਾਨਸਿਕ ਜੀ ਉੱਠਣਾ।* ਪੰਜਵੀਂ ਥਿਊਰੀ ਵਿਚ ਕਿਹਾ ਜਾਂਦਾ ਹੈ ਕਿ ਯਿਸੂ ਦੀ ਦੇਹ ਤਾਂ ਮਰੀ ਪਰ ਉਹਦੇ ਚੇਲਿਆਂ ਨੇ ਯਿਸੂ ਨੂੰ ਮਨ ਵਿਚ ਰੱਖਿਆ ਅਤੇ ਉਹਦੀਆਂ ਸਿੱਖਿਆਵਾਂ ਅਨੁਸਾਰ ਜ਼ਿੰਦਗੀ ਬਿਤਾਉਂਦੇ ਰਹੇ। ਇਸ ਕਰਕੇ ਉਨ੍ਹਾਂ ਦੀ ਨਜ਼ਰ 'ਚ ਯਿਸੂ ਅਜੇ ਵੀ ਜ਼ਿੰਦਾ

ਸੀ। ਇੰਜ ਉਹ ਲੋਕਾਂ ਦੇ ਮਨਾਂ ਵਿਚ ਯਿਸੂ ਦੇ ਜ਼ਿੰਦਾ ਹੋਣ ਦੀ ਗੱਲ ਪਾ ਸਕਦੇ ਸਨ। ਦੂਜੇ ਸ਼ਬਦਾਂ ਵਿਚ, ਇਸ ਥਿਊਰੀ ਅਨੁਸਾਰ ਜੀ ਉੱਠਣਾ ਉਨ੍ਹਾਂ ਦੇ ਮਨ ਦੀ ਸੋਚ ਸੀ। ਪਰ ਇਹ ਥਿਊਰੀ ਇਹ ਸਮਝਾਉਣ ਵਿਚ ਨਾਕਾਮ ਰਹਿੰਦੀ ਹੈ ਕਿ ਕਬਰ ਖਾਲੀ ਕਿਵੇਂ ਹੋਈ। ਇਹਦੇ ਇਲਾਵਾ, ਇਹ ਨਿਰਾਸ਼ ਚੇਲਿਆਂ ਨੂੰ ਇਹ ਸਬੂਤ ਦਿੰਦੇ ਹੋਏ ਕਿ ਉਨ੍ਹਾਂ ਨੇ ਜੀ ਉੱਠੇ ਯਿਸੂ ਨੂੰ ਛੂਹਿਆ ਹੈ, ਮਜ਼ਬੂਤ ਵਿਸ਼ਵਾਸ ਵਾਲੇ ਮਸੀਹੀ ਸ਼ਹੀਦਾਂ ਵਿਚ ਬਦਲਣ ਦੀ ਗੱਲ ਸਮਝਾਉਣ ਵਿਚ ਨਾਕਾਮ ਰਹਿੰਦੀ ਹੈ।

(6) *ਆਤਮਾ ਦਾ ਦਰਸ਼ਨ।* ਮਾਨਸਿਕ ਜੀ ਉੱਠਣ ਦਾ ਇਕ ਰੂਪ ਇਹ ਹੈ ਕਿ ਚੇਲਿਆਂ ਨੇ ਅਸਲ 'ਚ ਯਿਸੂ ਦੇ ਜਲਾਲੀ ਆਤਮਾ ਨੂੰ ਵੇਖਿਆ ਸੀ, ਜਦ ਕਿ ਉਹਦੀ ਦੇਹ ਜ਼ਿੰਦਾ ਨਹੀਂ ਹੋਈ ਸੀ। ਇਹ ਥਿਊਰੀ ਇਹ ਵਿਆਖਿਆ ਕਰਨ ਦੀ ਲੋੜ ਦੇ ਕਾਰਣ ਅਪਣਾਈ ਗਈ ਹੈ ਕਿ ਵਿਸ਼ਵਾਸ ਨਾ ਕਰਨ ਵਾਲੇ ਚੇਲੇ ਅਚਾਨਕ ਜੀ ਉੱਠਣ ਦੇ ਮਜ਼ਬੂਤ ਵਿਸ਼ਵਾਸੀ ਕਿਵੇਂ ਬਣ ਗਏ।

ਪਰ ਇਸ ਥਿਊਰੀ ਦੀ ਖ਼ਾਮੀ ਇਹ ਹੈ ਕਿ ਇਹ ਇਕ ਮੋਅਜਜ਼ੇ ਦੀ ਥਾਂ ਦੂਜਾ ਮੋਅਜਜ਼ਾ ਹੈ ਯਾਨੀ ਸਰੀਰਕ ਜੀ ਉੱਠਣ ਵਿਚ ਵਿਸ਼ਵਾਸ ਕਰਨਾ ਤਾਂ ਔਖਾ ਹੈ ਪਰ ਆਤਮਾ ਦੇ ਵਿਖਾਈ ਦੇਣ 'ਤੇ ਵਿਸ਼ਵਾਸ ਕਰਨਾ ਵੀ ਓਨਾ ਹੀ ਔਖਾ ਹੈ। ਇਹਦੇ ਇਲਾਵਾ ਯਿਸੂ ਨੇ ਆਪ ਉਨ੍ਹਾਂ ਨੂੰ ਉਹਦੀ ਦੇਹ ਨੂੰ ਹੱਥ ਲਾਉਣ ਲਈ ਕਿਹਾ ਸੀ ਅਤੇ ਇਹ ਸਾਬਤ ਕਰਨ ਲਈ ਕਿ ਉਹ ਆਤਮਾ ਹੀ ਨਹੀਂ ਸੀ, ਉਹਨੇ ਆਪਣੇ ਚੇਲਿਆਂ ਨਾਲ ਭੋਜਨ ਵੀ ਛਕਿਆ ਸੀ।

## ਯਿਸੂ ਦੇ ਸਰੀਰਕ ਜੀ ਉੱਠਣ ਦੇ ਸਬੂਤ

ਸਬੂਤ ਦੀਆਂ ਘੱਟੋ ਘੱਟ ਅੱਠ ਗੱਲਾਂ ਇਹ ਨਿਚੋੜ ਕੱਢਣ ਲਈ ਅਗਵਾਈ ਕਰਦੀਆਂ ਹਨ ਕਿ ਯਿਸੂ ਦੀ ਦੇਹ ਤਿੰਨ ਦਿਨ ਬਾਅਦ ਮੁਰਦਿਆਂ ਵਿੱਚੋਂ ਜੀ ਉੱਠੀ ਸੀਃ (1) ਖੁੱਲ੍ਹੀ ਕਬਰ, (2) ਖਾਲੀ ਹੋਈ ਕਬਰ, (3) ਕਫ਼ਨ, (4) ਲਪੇਟਿਆ ਹੋਇਆ ਸਿਰ ਦਾ ਕੱਪੜਾ, (5) ਚਸ਼ਮਦੀਦ ਗਵਾਹ, (6) ਨਵੇਂ ਨੇਮ ਦੀ ਵਿਸ਼ਵਾਸਯੋਗਤਾ, (7) ਮਸੀਹੀਅਤ ਦਾ ਵਜੂਦ ਅਤੇ (8) ਯਾਦਗਾਰਾਂ।

(1) *ਖੁੱਲ੍ਹੀ ਕਬਰ।* ਕਬਰ 'ਤੇ ਮੋਹਰ ਲੱਗੇ ਐਨੇ ਵੱਡੇ ਪੱਥਰ ਦਾ ਕਬਰ ਤੋਂ ਹਟਣਾ ਅਤੇ ਕਬਰ ਦਾ ਖਾਲੀ ਹੋਣਾ ਇਹ ਅਜਿਹਾ ਸਵਾਲ ਹੈ ਜਿਸ ਤੇ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ। ਯਕੀਨਨ ਹੀ ਰੋਮੀ ਲੋਕਾਂ ਨੇ ਕਬਰ ਨਹੀਂ ਖੋਲ੍ਹੀ ਸੀ, ਕਿਉਂਕਿ ਉਨ੍ਹਾਂ ਨੂੰ ਇਹ ਵੇਖਣ ਲਈ ਹੀ ਤੈਨਾਤ ਕੀਤਾ ਗਿਆ ਸੀ ਕਿ ਕੋਈ ਕਬਰ ਖੋਲ੍ਹ ਨਾ ਦਏ। ਯਕੀਨਨ ਹੀ ਯਹੂਦੀਆਂ ਨੇ ਵੀ ਕਬਰ ਨਹੀਂ ਖੋਲ੍ਹੀ ਸੀ ਕਿਉਂਕਿ ਉਨ੍ਹਾਂ ਦੀ ਬੇਨਤੀ 'ਤੇ ਤਾਂ ਕਬਰ 'ਤੇ ਪਹਿਰਾ ਬਿਠਾਇਆ ਗਿਆ ਸੀ ਕਿ ਕੋਈ ਉਹਦੀ ਲਾਸ਼ ਨੂੰ ਚੋਰੀ ਕਰਕੇ ਨਾ ਲੈ ਜਾਵੇ। ਯਕੀਨਨ ਹੀ ਚੇਲਿਆਂ ਨੇ ਵੀ ਕਬਰ ਨਹੀਂ ਖੋਲ੍ਹੀ ਸੀ, ਕਿਉਂਕਿ ਉਹ ਵੀ ਗਾਰਡਾਂ ਨੂੰ ਧਮਕਾ ਕੇ ਉਹਨੂੰ ਨਹੀਂ ਖੁਲ੍ਹਵਾ ਸਕਦੇ ਸੀ, ਨਾ ਹੀ ਉਹ ਇਸ ਹਾਲਤ ਵਿਚ ਸਨ ਕਿ ਖ਼ੁਦ ਖੋਲ੍ਹ ਸਕਣ। ਪਰ ਕਿਸੇ ਵੀ ਤਰ੍ਹਾਂ ਕਬਰ ਖੁੱਲ੍ਹੀ ਨਹੀਂ ਸੀ। ਜੇ ਪੱਥਰ ਨੂੰ ਫ਼ਰਿਸ਼ਤੇ ਨੇ ਨਹੀਂ ਹਟਾਇਆ ਸੀ, ਜਿਵੇਂ ਮੱਤੀ ਨੇ ਲਿਖਿਆ ਹੈ ਤਾਂ ਫਿਰ ਕਿਸ ਨੇ ਹਟਾਇਆ ਦਾ ਸਵਾਲ ਬਣਿਆ ਰਹਿੰਦਾ ਹੈ।

(2) *ਖਾਲੀ ਹੋਈ ਕਬਰ।* ਉਸ ਵੱਡੇ ਪੱਥਰ ਦੇ ਹਟਣ ਤੇ ਹੀ ਵਿਚਾਰ ਕੀਤਾ ਜਾਣਾ ਜ਼ਰੂਰੀ ਨਹੀਂ ਹੈ ਸਗੋਂ ਕਬਰ ਖਾਲੀ ਹੋਣ ਦਾ ਤਰੀਕਾ ਵੀ ਇਕ ਵੱਡੀ ਗੱਲ ਹੈ। ਕਿਸੇ ਰੋਮੀ ਸਿਪਾਹੀ ਵੱਲੋਂ ਲਾਸ਼ ਨੂੰ ਉੱਥੋਂ ਹਟਾਉਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਯਹੂਦੀ ਲੋਕ ਇਹ

ਯਕੀਨੀ ਬਨਾਉਣਾ ਚਾਹੁੰਦੇ ਸਨ ਕਿ ਉਹਦੀ ਲਾਸ਼ ਕਬਰ ਵਿਚ ਹੀ ਹੈ। ਯਿਸੂ ਦੇ ਚੇਲੇ ਜਿਨ੍ਹਾਂ ਲਾਸ਼ ਕਬਰ ਵਿਚ ਰੱਖੀ ਸੀ, ਉੱਥੇ ਰਹਿਣ ਦੇਣਾ ਚਾਹੁੰਦੇ ਸਨ ਅਤੇ ਜੇ ਉਹ ਉਸਦੀ ਲਾਸ਼ ਨੂੰ ਉੱਥੋਂ ਹਟਾਉਣਾ ਹੀ ਚਾਹੁੰਦੇ ਤਾਂ ਸਿਪਾਹੀਆਂ ਤੋਂ ਨਜ਼ਰ ਬਚਾ ਕੇ ਅਜਿਹਾ ਨਹੀਂ ਕਰ ਸਕਦੇ ਸਨ। ਜੇ ਯਿਸੂ ਆਪਣੀ ਖ਼ੁਦਾਈ ਤਾਕਤ ਨਾਲ ਜੀ ਉੱਠ ਕੇ ਕਬਰ ਤੋਂ ਬਾਹਰ ਨਹੀਂ ਸੀ ਆਇਆ ਤਾਂ ਕਬਰ ਦੇ ਖਾਲੀ ਹੋਣ ਦੀ ਗੱਲ ਸਵਾਲ ਹੀ ਰਹਿ ਜਾਣੀ ਸੀ।

(3) *ਕਫ਼ਨ।* ਕਿਸੇ ਧਨੀ ਵੱਲੋਂ ਖ਼ਰੀਦਿਆ ਗਿਆ ਪਤਲਾ ਮਹੀਨ ਮਲਮਲ (ਕੀਮਤੀ ਭਾਰਤੀ ਕੱਪੜਾ) ਦਾ ਕਫ਼ਨ ਕਬਰ ਵਿਚ ਹੀ ਪਿਆ ਸੀ। ਜੇ ਕਬਰਾਂ ਦੇ ਲੁਟੇਰੇ ਉਹਦੀ ਲਾਸ਼ ਨੂੰ ਲੈ ਜਾਂਦੇ ਤਾਂ ਉਨ੍ਹਾਂ ਮਹਿੰਗੇ ਮਲਮਲ ਨੂੰ ਵੀ ਲੈ ਜਾਣਾ ਸੀ। ਜੇ ਚੋਰੀ ਨਾਲ ਚੇਲਿਆਂ ਨੇ ਸਿਪਾਹੀਆਂ ਤੋਂ ਨਜ਼ਰ ਬਚਾ ਕੇ ਉਸ ਵੱਡੇ ਪੱਥਰ ਨੂੰ ਲੁੜਕਾ ਕੇ ਲਾਸ਼ ਨੂੰ ਚੁਰਾਇਆ ਹੁੰਦਾ, ਤਾਂ ਕਲਪਨਾ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਨੇ ਯਿਸੂ ਦੀ ਲਾਸ਼ ਤੋਂ ਕਫ਼ਨ ਲਾਹੁਣ ਵਿਚ ਵਕਤ ਕਿਉਂ ਗੁਆਇਆ। ਜੇ ਯਿਸੂ ਨੇ ਆਪ ਨਹੀਂ ਸੀ ਲਾਹਿਆ, ਤਾਂ ਕਫ਼ਨ ਦੇ ਕੱਪੜੇ ਦਾ ਕਬਰ ਵਿਚ ਪਏ ਰਹਿਣ ਦਾ ਭੇਤ ਅੱਜ ਵੀ ਪਹੇਲੀ ਹੈ।

(4) *ਲਪੇਟ ਕੇ ਰੱਖਿਆ ਹੋਇਆ ਸਿਰ ਦਾ ਕੱਪੜਾ।* ਉਹ ਕੱਪੜਾ ਜਿਹੜਾ ਉਹਦੇ ਸਿਰ 'ਤੇ ਲਪੇਟਿਆ ਹੋਇਆ ਸੀ, ਬਾਕੀ ਕੱਪੜਿਆਂ ਦੇ ਨਾਲ ਨਹੀਂ, ਬਲਕਿ ਖਾਲੀ ਕਬਰ ਵਿਚ ਇਕ ਵੱਖਰੀ ਥਾਂ ਲਪੇਟ ਕੇ ਰੱਖਿਆ ਹੋਇਆ ਸੀ। ਜਿਹਨੇ ਵੀ ਸਿਰ ਦਾ ਉਹ ਕੱਪੜਾ ਲਾਹਿਆ ਹੋਵੇ ਉਹ ਛੇਤੀ 'ਚ ਨਹੀਂ ਸੀ ਕਿਉਂਕਿ ਉਹਨੇ ਬੜੇ ਸਲੀਕੇ ਨਾਲ ਉਹਨੂੰ ਕਬਰ ਵਿਚ ਰੱਖਿਆ ਸੀ। ਕਬਰ ਦੇ ਲੁਟੇਰੇ ਚੇਲੇ ਹੁੰਦੇ ਜਾਂ ਕੋਈ ਹੋਰ, ਉਨ੍ਹਾਂ ਸਿਰ ਦੇ ਇਸ ਕੱਪੜੇ ਨੂੰ ਲਾਹ ਕੇ ਰੱਖਣ ਵਿਚ ਵਕਤ ਨਹੀਂ ਗੁਆਉਣਾ ਸੀ। ਜੇ ਲਾਹੁੰਦੇ ਵੀ ਤਾਂ ਉਨ੍ਹਾਂ ਇਹਨੂੰ ਕਾਹਲੀ ਅਤੇ ਲਾਪਰਵਾਹੀ ਵਿਚ ਲਾਹੁਣਾ ਸੀ। ਜੇ ਯਿਸੂ ਨੇ ਜਾਣ ਬੁੱਝ ਕੇ ਇਹਨੂੰ ਆਪ ਨਹੀਂ ਲਾਹਿਆ, ਸਿਰ ਦੇ ਇਸ ਕੱਪੜੇ ਨੂੰ ਇਕੱਠਾ ਨਹੀਂ ਕੀਤਾ ਅਤੇ ਇਹਨੂੰ ਤੈਅ ਕਰਕੇ ਨਹੀਂ ਰੱਖਿਆ ਤਾਂ ਅਜੇ ਵੀ ਕਿਸੇ ਨੂੰ ਨਹੀਂ ਪਤਾ ਕਿ ਇਹਨੂੰ ਵੱਖ ਕਰਕੇ ਅਤੇ ਲਪੇਟ ਕੇ ਕਿਹਨੇ ਰੱਖਿਆ ।

(5) *ਚਸ਼ਮਦੀਦ ਗਵਾਹ।* ਚੇਲਿਆਂ ਨੇ ਗਵਾਹੀ ਦਿੱਤੀ ਕਿ ਯਿਸੂ ਦੇ ਜੀ ਉੱਠਣ ਦੇ ਬਾਅਦ ਉਨ੍ਹਾਂ ਨੇ ਉਹਦੇ ਨਾਲ ਖਾਧਾ ਵੀ ਅਤੇ ਪੀਤਾ ਵੀ, ਉਨ੍ਹਾਂ ਉਹਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਵੀ, ਉਹਨੂੰ ਬੋਲਦੇ ਸੁਣਿਆ ਅਤੇ ਛੂਹਿਆ ਵੀ। ਜਾਂ ਤਾਂ ਸੰਸਾਰ ਦੇ ਸਭ ਤੋਂ ਭਲੇ ਆਦਮੀ ਨੇ ਉਨ੍ਹਾਂ ਨੂੰ ਦਰਸ਼ਣ ਦਿੱਤਾ ਸੀ ਜਾਂ ਉਨ੍ਹਾਂ ਕਹਾਣੀ ਬਣਾਉਣ ਲਈ ਇਕ ਚਾਲ ਖੇਡੀ ਸੀ। ਜੇ ਉਨ੍ਹਾਂ ਉਹਨੂੰ ਛੂਹਿਆ ਅਤੇ ਉਹਦੇ ਜ਼ਖ਼ਮੀ ਹੱਥਾਂ ਅਤੇ ਪੱਸਲੀ ਨੂੰ ਵੇਖਿਆ ਤਾਂ ਉਨ੍ਹਾਂ ਉਹਨੂੰ ਬੋਲਦੇ ਸੁਣਿਆ ਸੀ, ਤਾਂ ਉਨ੍ਹਾਂ ਨੂੰ ਗ਼ਲਤੀ ਨਹੀਂ ਲਗ ਸਕਦੀ ਸੀ। ਇਕ ਹੋਰ ਪੱਖੋਂ ਜੇ ਉਨ੍ਹਾਂ ਨੇ ਜਾਣ ਬੁੱਝ ਕੇ ਕਹਾਣੀ ਬਣਾਈ ਸੀ ਤਾਂ ਉਹਦਾ ਇਨਾਮ ਸਿਰਫ਼ ਉਨ੍ਹਾਂ ਦੇ ਪ੍ਰੇਸ਼ਾਨ ਜ਼ਮੀਰ ਸਨ। ਉਨ੍ਹਾਂ ਨੂੰ ਆਪਣੇ ਵਿਸ਼ਵਾਸ ਦੇ ਕਾਰਣ ਸਰੀਰਕ ਕਸ਼ਟ ਅਤੇ ਸਖ਼ਤ ਵਿਹਾਰ ਸਹਿਣਾ ਪਿਆ। ਉਹ ਬੇਘਰ ਹੋ ਗਏ, ਉਨ੍ਹਾਂ ਦੀ ਨਿੰਦਿਆ ਕੀਤੀ ਗਈ, ਸਤਾਏ ਗਏ ਅਤੇ ਬਦਨਾਮ ਕੀਤੇ ਗਏ। ਸਚਮੁਚ, ਸੰਸਾਰ ਦੀ ਮੈਲ, ਸਭ ਗੱਲਾਂ ਦਾ ਚਿੱਕੜ ਬਣ ਕੇ ਉਹ ਮਸੀਹ ਦੀ ਖ਼ਾਤਰ ਮੂਰਖ ਬਣ ਗਏ ਸਨ (1 ਕੁਰਿੰਥੀਆਂ 4: 10-13)। ਉਨ੍ਹਾਂ ਬੇਨਤੀ ਕੀਤੀ ਕਿ ਉਹ ਸੱਚ ਬੋਲ ਰਹੇ ਹਨ, ਪਰ ਕੁਝ ਥਿਊਰੀਆਂ ਸਾਨੂੰ ਵਿਸ਼ਵਾਸ ਦੁਆਉਂਦੀਆਂ ਹੋਣਗੀਆਂ ਕਿ ਉਹ ਝੂਠੇ ਸਨ। ਚੇਲਿਆ ਨੂੰ ਨਾ ਤਾਂ ਭੁਲੇਖਾ ਲੱਗਾ ਅਤੇ ਨਾ ਉਨ੍ਹਾਂ ਆਪਣੀ ਗਵਾਹੀ ਦੇਣ ਵਿਚ ਕੋਈ ਬੇਈਮਾਨੀ ਕੀਤੀ ਸੀ। ਇਸ ਕਰਕੇ ਇੱਕੋ ਬਦਲ ਇਹ ਹੈ ਕਿ ਉਨ੍ਹਾਂ ਸੱਚ ਬੋਲਿਆ। ਚਸ਼ਮਦੀਦ

ਗਵਾਹਾਂ ਦੇ ਤੌਰ 'ਤੇ ਚੇਲਿਆਂ ਦੀ ਗਵਾਹੀ ਜੀ ਉੱਠਣ ਦਾ ਜ਼ਬਰਦਸਤ ਸਬੂਤ ਹੈ।

(6) *ਨਵੇਂ ਨੇਮ ਦੀ ਵਿਸ਼ਵਾਸਯੋਗਤਾ।* ਲਿਖਤੀ ਦਸਤਾਵੇਜ਼ ਜਿਨ੍ਹਾਂ ਤੋਂ ਨਵਾਂ ਨੇਮ ਬਣਿਆ ਹੈ ਮਸੀਹ ਦੇ ਜੀ ਉੱਠਣ ਦਾ ਸਬੂਤ ਦਿੰਦੇ ਹਨ। ਇਹ ਪੁਸਤਕਾਂ, ਜਿਨ੍ਹਾਂ ਨੂੰ ਇਤਿਹਾਸ ਦੀਆਂ ਸਭ ਤੋਂ ਵੱਧ ਭਰੋਸੇਯੋਗ ਕਿਤਾਬਾਂ ਮੰਨਿਆ ਗਿਆ ਹੈ, ਹਲਕੇ ਢੰਗ ਨਾਲ ਨਹੀਂ ਲਈਆਂ ਜਾ ਸਕਦੀਆਂ। ਇਨ੍ਹਾਂ ਵਿਚ ਆਪਣੇ ਆਪ ਵਿਚ ਹੀ ਸਬੂਤ ਹੈ, ਜਿਸ ਦਾ ਸਰੀਰਕ ਜੀ ਉੱਠਣ ਦੀ ਖ਼ਿਆਲੀ ਕਹਾਣੀ ਹੋਣ 'ਤੇ ਬਿਆਨ ਕਰਨਾ ਨਾਮੁਮਕਿਨ ਹੋ ਜਾਂਦਾ ਹੈ। ਪੂਰੀ ਤਰ੍ਹਾਂ ਨਾਲ ਪ੍ਰਮਾਣਤ ਸਤਾਈ ਕਿਤਾਬਾਂ ਨੂੰ ਸੰਸਾਰ ਦਾ ਸਭ ਤੋਂ ਵੱਡਾ ਫ਼ਰੇਬ ਮੰਨਣ ਦਾ ਕੋਈ ਮਤਲਬ ਨਹੀਂ ਹੈ। ਜੇ ਜੀ ਉੱਠਣਾ ਛਲਾਵਾ ਹੁੰਦਾ ਤਾਂ ਇਹ ਸਤਾਈ ਪੁਸਤਕਾਂ ਦੇ ਇੰਨੇ ਆਤਮ ਵਿਸ਼ਵਾਸ ਨਾਲ ਹੁਕਮ ਦੇਣ ਦੀ ਗੱਲ, ਇਕ ਸਵਾਲ ਹੀ ਰਹਿ ਜਾਂਦੀ।

(7) *ਮਸੀਹੀਅਤ ਦਾ ਵਜੂਦ।* ਜੇ ਯਿਸੂ ਦਾ ਜੀ ਉੱਠਣਾ ਅਸਲੀ ਸੀ ਤਾਂ ਮਸੀਹੀਅਤ ਦੇ ਜਨਮ ਅਤੇ ਵਿਕਾਸ ਨੂੰ ਅਸਾਨੀ ਨਾਲ ਸਮਝਾਇਆ ਜਾ ਸਕਦਾ ਹੈ। ਪਰ ਜੇ ਇਹਦਾ ਆਗੂ ਲਾਸ਼ ਹੀ ਰਿਹਾ ਤਾਂ ਲੱਖਾਂ-ਕਰੋੜਾਂ ਲੋਕਾਂ ਵੱਲੋਂ ਇਹਨੂੰ ਇਕ ਧਰਮ ਮੰਨਣਾ ਅਜੀਬ ਗੱਲ ਹੈ ਜੋ ਕਿ ਕਬਰ ਵਿੱਚੋਂ ਯਿਸੂ ਦੀ ਦੇਹ ਦੇ ਜੀ ਉੱਠਣ ਤੇ ਅਧਾਰਤ ਆਪਣੀ ਕਿਸਮ ਦਾ ਨਿਰਾਲਾ ਧਰਮ ਹੈ। ਉਹਦੇ ਜੀ ਉੱਠਣ ਦੇ ਬਗ਼ੈਰ, ਮਸੀਹੀਅਤ ਆਪਣੇ ਪੈਦਾ ਹੁੰਦਿਆਂ ਹੀ ਮਰ ਗਈ ਹੁੰਦੀ।

(8) *ਯਾਦਗਾਰਾਂ।* ਜੇ ਯਿਸੂ ਦਾ ਜੀ ਉੱਠਣਾ ਹਕੀਕਤ 'ਚ ਸੀ ਤਾਂ ਪ੍ਰਭੂ ਭੋਜ ਅਤੇ ਪ੍ਰਭੂ ਦੇ ਦਿਨ ਦੀ ਅਹਿਮੀਅਤ ਹੈ। ਜੇ ਸਰੀਰਕ ਉੱਠਣਾ ਨਹੀਂ ਹੋਇਆ ਸੀ ਤਾਂ ਇਨ੍ਹਾਂ ਯਾਦਗਾਰਾਂ ਦਾ ਕੋਈ ਮਤਲਬ ਨਹੀਂ ਹੈ।

ਜੇ ਸਰੀਰਕ ਜੀ ਉੱਠਣਾ ਹੋਇਆ ਸੀ, ਤਾਂ ਉੱਪਰ ਦਿੱਤੇ ਗਏ ਸਬੂਤਾਂ ਦਾ ਸਾਫ਼ ਜਵਾਬ ਮਿਲ ਜਾਂਦਾ ਹੈ। ਇਨ੍ਹਾਂ ਸਾਰੇ ਤੱਥਾਂ ਤੋਂ ਕੋਈ ਹੋਰ ਵਿਆਖਿਆ ਮੇਲ ਨਹੀਂ ਖਾਂਦੀ ਹੈ। ਬਾਕੀ ਵਿਆਖਿਆਵਾਂ ਮੁਸ਼ਕਿਲਾਂ ਹੱਲ ਕਰਨ ਦੀ ਬਜਾਏ ਹੋਰ ਉਲਝਾ ਦਿੰਦੀਆਂ ਹਨ। ਸ਼ੱਕ ਅਤੇ ਉਲਝਣਾਂ ਵਧ ਜਾਂਦੀਆਂ ਹਨ। ਯਿਸੂ ਦੇ ਜੀ ਉੱਠਣ ਦੇ ਵਿਸ਼ੇ ਤੇ ਨਤੀਜੇ ਤੇ ਪਹੁੰਚਣ ਲਈ ਇਨ੍ਹਾਂ ਅੱਠ ਸਬੂਤਾਂ ਨੂੰ ਲੜੀਵਾਰ ਵੇਖਣਾ ਜ਼ਰੂਰੀ ਹੈ।

## ਸਾਰ

ਜੇ ਯਿਸੂ ਜੀ ਨਹੀਂ ਉੱਠਿਆ ਤਾਂ ਅਸੀਂ ਛੇ ਕਾਰਣ ਵੇਖੇ ਹਨ ਕਿ ਉਹਦੀ ਦੇਹ ਨਾਲ ਕੀ ਕੀਤਾ ਜਾ ਸਕਦਾ ਹੈ। ਜਾਂਚ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਆਖਿਆਵਾਂ ਵਿਚ ਪ੍ਰਦਰਸ਼ਨ ਦੀ ਘਾਟ ਹੈ ਅਤੇ ਉਹ ਸੰਤੁਸ਼ਟ ਕਰਨ ਵਿਚ ਨਾਕਾਮ ਹਨ। ਸਿਰਫ਼ ਇੱਕੋ ਨਤੀਜਾ ਕਿ ਯਿਸੂ ਸਚਮੁਚ ਮੁਰਦਿਆਂ ਵਿੱਚੋਂ ਜੀ ਉੱਠਿਆ ਸੀ, ਸਭ ਸਬੂਤਾਂ ਨਾਲ ਮੇਲ ਖਾਂਦਾ ਅਤੇ ਆਸ ਦਿੰਦਾ ਹੈ।